# ਅਧਿਆਇ 40

# ਡੇਹਰੇ ਦੇ ਤੰਬੂ ਦਾ ਖੜ੍ਹਾ ਅਤੇ ਪਵਿੱਤਰ ਕੀਤਾ ਜਾਣਾ

ਅਧਿਆਇ 40 ਪੁਸਤਕ ਨੂੰ ਇੱਕ ਢੁੱਕਵਾਂ ਸਿੱਟਾ ਪ੍ਰਦਾਨ ਕਰਦਾ ਹੈ। ਪਰਮੇਸ਼ੁਰ ਨੇ ਇਸਰਾਏਲ ਨੂੰ ਮਿਸਰ ਦੀ ਗੁਲਾਮੀ ਤੋਂ ਬਾਹਰ ਕੱਢਿਆ, ਆਪਣੇ ਲੋਕਾਂ ਨੂੰ ਸੀਨਈ ਲੈ ਆਇਆ, ਉਨ੍ਹਾਂ ਨਾਲ ਨੇਮ ਬੰਨ੍ਹਿਆ, ਅਤੇ ਉਨ੍ਹਾਂ ਨੂੰ ਆਪਣੀ ਬਿਵਸਥਾ ਦਿੱਤੀ। ਇਸਰਾਏਲ ਦੇ ਬੇਵਫ਼ਾ ਹੋਣ ਦੇ ਬਾਵਜੂਦ, ਉਸ ਨੇ ਦਿਆਲ ਹੋ ਕੇ ਉਨ੍ਹਾਂ ਨੂੰ ਅਜਿਹਾ ਸਥਾਨ ਬਣਾਉਣ ਦਾ ਮਾਣ ਬਖਸ਼ਿਆ ਜਿੱਥੇ ਉਹ "ਉਨ੍ਹਾਂ ਦੇ ਵਿਚਕਾਰ ਵੱਸ ਸਕੇ" (25:8)। ਆਖਰੀ ਅਧਿਆਇ ਵਿਚ ਇਹ ਵਰਣਨ ਕੀਤਾ ਗਿਆ ਹੈ ਕਿ ਡੇਹਰੇ ਨੂੰ ਕਿਵੇਂ ਖੜ੍ਹਾ ਕੀਤਾ ਗਿਆ ਸੀ ਅਤੇ ਫਿਰ ਇਸਰਾਏਲ ਦੇ ਦਲੇਰੀ ਭਰੇ ਕੰਮ ਦੇ ਚਰਮ ਮੌਕੇ ਦਾ ਵੇਰਵਾ ਦਿੱਤਾ ਗਿਆ ਹੈ: ਪਰਮੇਸ਼ੁਰ ਦਾ ਆਪਣੇ ਲੋਕਾਂ ਦੇ ਵਿਚਕਾਰ ਆਪਣੇ ਘਰ ਵਿਚ ਰਹਿਣ ਦੇ ਲਈ ਉੱਤਰਨਾ।

ਇਹ ਅਧਿਆਇ ਪੂਰੇ ਖੰਡ ਦੀ ਸਾਹਿਤਿਕ ਸੰਰਚਨਾ ਨੂੰ ਦਰਸਾਉਂਦਾ ਹੈ। ਕੂਚ 25-31 ਵਿਚ, ਪਰਮੇਸ਼ੁਰ ਨੇ ਡੇਹਰੇ ਦੇ ਬਣਾਉਣ ਦੀਆਂ ਹਿਦਾਇਤਾਂ ਦਿੱਤੀਆਂ ਸਨ। ਕੂਚ 36-39 ਦੱਸਦਾ ਹੈ ਕਿ ਉਨ੍ਹਾਂ ਹਿਦਾਇਤਾਂ ਨੂੰ ਕਿਵੇਂ ਪੂਰਾ ਕੀਤਾ ਗਿਆ। 40:1-15 ਵਿਚ, ਪਰਮੇਸ਼ੁਰ ਨੇ ਦੱਸਿਆ ਕਿ ਡੇਹਰੇ ਨੂੰ ਕਿਵੇਂ ਖੜ੍ਹਾ ਅਤੇ ਸਮਰਪਿਤ ਕੀਤਾ ਜਾਣਾ ਸੀ; 40:16-33 ਇਸ ਗੱਲ ਦਾ ਵਰਣਨ ਕਰਦਾ ਹੈ ਕਿ ਕਿਵੇਂ ਮੂਸਾ ਨੇ ਪੂਰੀ ਸਟੀਕਤਾ ਦੇ ਨਾਲ ਪਰਮੇਸ਼ੁਰ ਦੇ ਨਿਰਦੇਸ਼ਾਂ ਦਾ ਪਾਲਣ ਕੀਤਾ ਸੀ। ਫਿਰ ਪਰਮੇਸ਼ੁਰ ਆਪਣੀ ਸੰਰਚਨਾ ਉਸ ਨੇ ਇੱਕ ਬੱਦਲ ਦੇ ਰੂਪ ਵਿਚ ਆਪਣੀ ਹਜ਼ੂਰੀ ਨੂੰ ਪਰਗਟ ਕਰਦੇ ਜਿਸ ਨੇ ਡੇਹਰੇ ਨੂੰ ਭਰ ਦਿੱਤਾ (40:34, 35)। ਕੂਚ ਦੀ ਕਿਤਾਬ ਇਹ ਦਰਸਾਉਂਦੀ ਹੈ ਕਿ ਪਰਮੇਸ਼ੁਰ ਨੇ ਆਪਣੇ ਸਮੇਂ ਦੇ ਦੌਰਾਨ ਨਿਰੰਤਰ ਇਸਰਾਏਲੀਆਂ ਦਾ ਮਾਰਗ ਦਰਸ਼ਣ ਕੀਤਾ ਸੀ (40:36-38)।

## ਡੇਹਰੇ ਦਾ ਸਥਾਪਤ ਅਤੇ ਪਵਿੱਤਰ ਕੀਤਾ ਜਾਣਾ (40:1-15)

### ਡੇਹਰੇ ਦੇ ਤੰਬੂ ਨੂੰ ਲਗਾਉਣ ਦੇ ਲਈ ਹਿਦਾਇਤਾਂ (40:1-8)

**1ਫੇਰ ਯਹੋਵਾਹ ਮੂਸਾ ਨੂੰ ਬੋਲਿਆ ਕਿ। 2ਪਹਿਲੇ ਮਹੀਨੇ ਦੇ ਪਹਿਲੇ ਦਿਨ ਤੂੰ ਡੇਹਰੇ ਦੀ ਮੰਡਲੀ
ਦਾ ਤੰਬੂ ਖੜਾ ਕਰੀਂ। 3ਤੂੰ ਉਸ ਵਿੱਚ ਸਾਖੀ ਦਾ ਸੰਦੂਕ ਰੱਖੀਂ ਅਤੇ ਸੰਦੂਕ ਨੂੰ ਪੜਦੇ ਨਾਲ ਵੱਖਰਾ
ਕਰੀਂ। 4ਤੂੰ ਮੇਜ਼ ਨੂੰ ਅੰਦਰ ਲਿਆਵੀਂ ਅਤੇ ਉਸ ਦੇ ਸਮਾਨ ਨੂੰ ਸੁਆਰ ਕੇ ਰੱਖੀਂ ਅਤੇ ਤੂੰ ਸ਼ਮਾਦਾਨ
ਨੂੰ ਅੰਦਰ ਲਿਆਵੀਂ ਅਰ ਉਸ ਦੇ ਦੀਵੇ ਜਗਾਵੀਂ। 5ਅਤੇ ਧੂਪ ਦੀ ਸੋਨੇ ਦੀ ਜਗਵੇਦੀ ਸਾਖੀ ਦੇ
ਸੰਦੂਕ ਦੇ ਅੱਗੇ ਰੱਖੀਂ ਅਤੇ ਡੇਹਰੇ ਦੇ ਦਰਵੱਜੇ ਦੀ ਓਟ ਲਮਕਾਈਂ। 6ਤੂੰ ਹੋਮ ਦੀ ਜਗਵੇਦੀ ਨੂੰ**

**ਡੇਹਰੇ ਦੀ ਮੰਡਲੀ ਦੇ ਤੰਬੂ ਦੇ ਦਰਵੱਜੇ ਅੱਗੇ ਰੱਖੀਂ। [7]ਅਤੇ ਤੂੰ ਹੌਦ ਨੂੰ ਮੰਡਲੀ ਦੇ ਤੰਬੂ ਅਤੇ ਜਗਵੇਦੀ ਦੇ ਵਿਚਕਾਰ ਰੱਖੀਂ ਅਰ ਉਸ ਵਿੱਚ ਪਾਣੀ ਪਾਈਂ। [8]ਫੇਰ ਤੂੰ ਹਾਤੇ ਨੂੰ ਚੁਫੇਰੇ ਖੜਾ ਕਰੀਂ ਅਤੇ ਹਾਤੇ ਦੇ ਫਾਟਕ ਦੀ ਓਟ ਲਮਕਾਈਂ।**

**ਆਇਤਾਂ 1, 2.** ਜਿਵੇਂ ਹੀ ਅਧਿਆਇ ਸ਼ੁਰੂ ਹੁੰਦਾ ਹੈ, ਇੱਕ ਵਿਸ਼ੇਸ਼ ਵਾਕ ਦੱਸਦਾ ਹੈ ਕਿ ਕੌਣ (**ਯਹੋਵਾਹ**) ਕਿਸ (**ਮੂਸਾ**) ਦੇ ਨਾਲ ਗੱਲ ਕਰ ਰਿਹਾ ਸੀ, ਕੀ ਕੀਤਾ ਜਾਣਾ ਸੀ (**ਡੇਹਰੇ ਦੀ ਮੰਡਲੀ ਦਾ ਤੰਬੂ ਖੜਾ**) ਅਤੇ ਇਹ ਕਦੋਂ ਹੋਇਆ (**ਪਹਿਲੇ ਮਹੀਨੇ ਦੇ ਪਹਿਲੇ ਦਿਨ**)।

"ਪਹਿਲੇ ਮਹੀਨੇ ਦੇ ਪਹਿਲੇ ਦਿਨ" ਇਸਰਾਏਲ ਦੇ ਛੁਟਕਾਰੇ ਦੇ ਦੂਸਰੇ ਸਾਲ ਦੇ ਪਹਿਲੇ ਦਿਨ ਨੂੰ ਦਰਸਾਉਂਦਾ ਹੈ (40:17)। "ਇਸਰਾਏਲੀ ਤੀਸਰੇ ਮਹੀਨੇ ਸੀਨਈ ਪਹੁੰਚੇ ਸਨ" "ਤੀਜੇ ਮਹੀਨੇ ... ਜਿਸ ਵਿੱਚ" (ਪੂਰੇ ਤਿੰਨ ਮਹੀਨੇ) ਇਸਰਾਏਲੀਆਂ ਦੇ ਮਿਸਰ ਦੀ ਗੁਲਾਮੀ ਵਿਚੋਂ ਨਿਕਲਣ ਤੋਂ ਬਾਅਦ ਸਨ (19:1)। ਲਿਖਤ ਦੇ ਅਨੁਸਾਰ, ਸੋਨੇ ਦੇ ਬੱਛੇ ਦੀ ਦੁੱਖਦਾਇਕ ਘਟਨਾ ਤੋਂ ਪਹਿਲਾਂ ਮੂਸਾ "ਪਹਾੜ ਉੱਤੇ ਚਾਲੀ ਦਿਨ ਅਰ ਚਾਲੀ ਰਾਤਾਂ ਰਿਹਾ" (24:18)। ਉਸ ਨੇ ਦੂਸਰੀ ਵਾਰ ਸ਼ਰਾ ਨੂੰ ਪ੍ਰਾਪਤ ਕਰਨ ਦੇ ਲਈ ਚਾਲੀ ਦਿਨ ਅਤੇ ਚਾਲੀ ਰਾਤਾਂ ਗੁਜ਼ਾਰੀਆਂ (34:28)। ਜੇਕਰ ਕੂਚ 19:1 ਇਹ ਸੰਕੇਤ ਦਿੰਦਾ ਹੈ ਕਿ ਇਸਰਾਏਲ ਦੇ ਮਿਸਰ ਵਿਚੋਂ ਕੂਚ ਤੋਂ ਬਾਅਦ ਨੱਬੇ ਦਿਨ ਬੀਤ ਚੁੱਕੇ ਸਨ, ਜੇਕਰ ਹੋਰ ਚਾਲੀ ਚਾਲੀ ਦਿਨ ਕੁੱਲ 170 ਦਿਨ ਬਣਾਉਣਗੇ, ਬਿਰਤਾਂਤ ਵਿਚ ਦਰਜ ਹੋਰਨਾਂ ਘਟਨਾਵਾਂ ਦੇ ਲਈ ਲੋੜੀਂਦੇ ਸਮੇਂ ਦੀ ਗਿਣਤੀ ਨਹੀਂ ਹੈ। ਇਸ ਲਈ, ਸਪੱਸ਼ਟ ਤੌਰ ਤੇ ਇਸਰਾਏਲੀਆਂ ਨੇ ਛੇ ਮਹੀਨਿਆਂ ਵਿਚ ਡੇਹਰੇ ਦਾ ਨਿਰਮਾਣ ਕੀਤਾ ਸੀ।[1]

ਲਗਭਗ ਛੇ ਮਹੀਨਿਆਂ ਦੇ ਲੰਬੇ ਸਮੇਂ ਕਾਲ ਦੇ ਉਲਟ, ਤੰਬੂ ਨੂੰ ਇੱਕ ਦਿਨ ਵਿਚ ਖੜਾ ਕੀਤਾ ਜਾ ਸਕਦਾ ਸੀ। ਡੇਹਰੇ ਨੂੰ ਖੜਾ ਕਰਨ ਦੇ ਲਈ ਇੱਕ ਖਾਸ ਦਿਨ ਨਿਰਧਾਰਤ ਕੀਤਾ ਗਿਆ ਸੀ ਸੰਕੇਤ ਦਿੰਦਾ ਹੈ ਕਿ ਡੇਹਰੇ ਦਾ ਨਿਰਮਾਣ ਇਸ ਦੇ ਖੜੇ ਕੀਤੇ ਜਾਣ ਤੋਂ ਅਲੱਗ ਸੀ। ਇਹ ਅਰਾਧਨਾ ਦੇ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਲੈ ਜਾਣ ਸਕਣ ਵਾਲੇ ਆਪਣੇ ਸੁਭਾਅ ਨੂੰ ਧਿਆਨ ਵਿਚ ਰੱਖਦੇ ਹੋਏ ਸੀ। ਡੇਹਰੇ ਨਾਲ ਸੰਬੰਧਤ ਸਾਰੀਆਂ ਚੀਜ਼ਾਂ ਪਹਿਲਾਂ ਤੋਂ ਹੀ ਬਣਾਈਆਂ ਜਾ ਚੁੱਕੀਆਂ ਸਨ। ਜੋ ਬਾਕੀ ਸੀ ਉਹ ਸਿਰਫ ਸੰਪੂਰਣ ਕਰਨ ਦੇ ਲਈ ਸਾਰੇ ਭਾਗਾਂ ਨੂੰ ਇਕੱਠੇ ਰੱਖਣ ਦਾ ਦਿਨ ਸੀ।

"ਮੰਡਲੀ ਦੇ ਤੰਬੂ" ਦਾ ਵਰਣਨ ਸੁਝਾਅ ਦਿੰਦਾ ਹੈ ਕਿ ਮੂਸਾ ਦੇ "ਮੰਡਲੀ ਦੇ ਤੰਬੂ" ਦੇ ਕੰਮ ਨੂੰ (33:7) ਡੇਹਰੇ ਵਿਚ ਤਬਦੀਲ ਕੀਤਾ ਗਿਆ ਸੀ। ਉਸ ਸਮੇਂ ਤੋਂ, ਡੇਹਰਾ "ਮੰਡਲੀ ਦਾ ਤੰਬੂ" ਸੀ ਜਿੱਥੇ ਪਰਮੇਸ਼ੁਰ ਲੋਕਾਂ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਦੇ ਨਾਲ ਮਿਲਦਾ ਹੁੰਦਾ ਸੀ। ਇਹੋ ਉਹ ਸਥਾਨ ਵੀ ਸੀ ਜਿੱਥੇ ਲੋਕ ਬਲੀਦਾਨ ਚੜ੍ਹਾਉਣ ਅਤੇ ਪਰਮੇਸ਼ੁਰ ਦੀ ਉਪਾਸਨਾ ਕਰਨ ਦੇ ਲਈ ਇਕੱਠੇ ਹੁੰਦੇ ਸਨ।

**ਆਇਤ 3.** ਤੰਬੂ ਖੜਾ ਕੀਤੇ ਜਾਣ ਤੋਂ ਬਾਅਦ, ਫਰਨੀਚਰ ਨੂੰ ਇੱਕ ਤਾਰਕਿਕ ਕ੍ਰਮ ਦੇ ਵਿਚ ਰੱਖਿਆ ਜਾਣਾ ਸੀ। ਸ਼ੁਰੂ ਕਰਨ ਦੇ ਲਈ, **ਸਾਖੀ ਦਾ ਸੰਦੂਕ** ਨੂੰ ਅੱਤ ਪਵਿੱਤਰ ਸਥਾਨ ਵਿਚ ਰੱਖਿਆ ਜਾਣਾ ਸੀ। ਨੇਮ ਦੇ ਸੰਦੂਕ ਨੂੰ "ਸਾਖੀ ਦਾ ਸੰਦੂਕ" ਇਸ ਲਈ ਕਿਹਾ ਜਾਂਦਾ ਸੀ ਕਿਉਂਕਿ ਇਸ ਵਿਚ ਸ਼ਰਾ ਦੀਆਂ ਦੋ ਪੱਥਰ ਦੀਆਂ ਪੱਟੀਆਂ ਸਨ ਜੋ ਆਪਣੇ ਲੋਕਾਂ ਦੇ ਨਾਲ ਪਰਮੇਸ਼ੁਰ ਦੇ ਨੇਮ ਦੀਆਂ ਗਵਾਹ ਸਨ (25:16, 21; 40:20)। ਇਸ ਤੋਂ ਬਾਅਦ, ਪਵਿੱਤਰ ਸਥਾਨ ਨੂੰ ਅੱਤ ਪਵਿੱਤਰ ਸਥਾਨ ਤੋਂ ਵੱਖਰਾ ਕਰਨ ਲਈ **ਪੜਦੇ** ਨੂੰ ਟੰਗ ਦਿੱਤਾ ਜਾਣਾ ਸੀ।

**ਆਇਤਾਂ 4, 5.** ਇਸ ਤੋਂ ਬਾਅਦ, ਪਵਿੱਤਰ ਸਥਾਨ ਦੇ ਨਾਲ ਸੰਬੰਧਤ ਫਰਨੀਚਰ ਨੂੰ ਸਥਾਪਤ ਕੀਤਾ ਜਾਣਾ ਸੀ: ਹਜ਼ੂਰੀ ਦੀ ਰੋਟੀ ਵਾਲਾ **ਮੇਜ਼**, ਆਪਣੇ [ਸੱਤ] **ਦੀਵੇ** [ਦੀਵਿਆਂ] ਦੇ ਨਾਲ **ਸ਼ਮਾਦਾਨ**, ਅਤੇ **ਧੂਪ ਦੀ ਸੋਨੇ ਦੀ ਜਗਵੇਦੀ**। ਫਿਰ **ਓਟ** ਜਾਂ "ਸਕਰੀਨ" ਨੂੰ ਟੰਗਣਾ ਚਾਹੀਦਾ

ਹੈ, ਜੋ ਪਵਿੱਤਰ ਸਥਾਨ ਦੇ ਪ੍ਰਵੇਸ਼ ਦੁਆਰ ਨੂੰ ਢੱਕੇ (ਵੇਖੋ 40:21)।

**ਆਇਤਾਂ 6-8.** ਇਸ ਤੋਂ ਬਾਅਦ, ਤੰਬੂ ਦੇ ਬਾਹਰ ਹਾਤੇ ਵੱਲ ਧਿਆਨ ਗਿਆ। ਸਭ ਤੋਂ ਪਹਿਲੀ ਚੀਜ਼ ਪਿੱਤਲ ਦੀ **ਹੋਮ ਦੀ ਜਗਵੇਦੀ** ਹੈ, ਜਿਸ ਨੂੰ **ਡੇਹਰੇ ਦੀ ਮੰਡਲੀ ਦੇ ਤੰਬੂ ਦੇ ਦਰਵੱਜੇ ਅੱਗੇ** ਰੱਖਿਆ ਜਾਣਾ ਸੀ। **ਹੌਦ** ਨੂੰ **ਮੰਡਲੀ ਦੇ ਤੰਬੂ ਤੇ ਜਗਵੇਦੀ ਦੇ ਵਿਚਕਾਰ** ਰੱਖਿਆ ਜਾਣਾ ਸੀ, ਅਤੇ ਇਸ ਵਿਚ **ਪਾਣੀ** ਪਾਇਆ ਜਾਣਾ ਸੀ। ਆਖਿਰਕਾਰ, **ਹਾਤੇ** ਦੇ ਚੁਫੇਰੇ ਵਾੜ ਲਗਾਈ ਜਾਣੀ ਸੀ, ਅਤੇ **ਓਟ** ਨੂੰ ਵਿਹੜੇ ਦੇ ਪ੍ਰਵੇਸ਼ ਮਾਰਗ ਦੇ ਦਰਵੱਜ਼ੇ ਦੇ ਰੂਪ ਵਿਚ ਕੰਮ ਕਰਦਾ ਸੀ ਉਸ ਨੂੰ ਲਟਕਾਇਆ ਜਾਣਾ ਸੀ।

## ਡੇਹਰੇ ਦੇ ਤੰਬੂ ਨੂੰ ਅਤੇ ਜਾਜਕਾਂ ਨੂੰ ਪਵਿੱਤਰ ਕਰਨ ਲਈ ਹਿਦਾਇਤਾਂ (40:9-15)

**9ਤੂੰ ਮਲਣ ਦਾ ਤੇਲ ਲੈਕੇ ਡੇਹਰੇ ਨੂੰ ਅਤੇ ਜੋ ਕੁਝ ਉਸ ਵਿੱਚ ਹੈ ਉਸ ਨੂੰ ਮਲੀਂ ਸੋ ਤੂੰ ਉਹ ਨੂੰ**
**ਤੇ ਉਸ ਦੇ ਸਾਰੇ ਸਮਾਨ ਨੂੰ ਪਵਿੱਤ੍ਰ ਕਰੀਂ ਤਾਂ ਓਹ ਪਵਿੱਤ੍ਰ ਹੋਵੇਗਾ। 10ਤੂੰ ਹੋਮ ਦੀ ਜਗਵੇਦੀ ਅਤੇ**
**ਉਸ ਦੇ ਸਾਰੇ ਸਮਾਨ ਨੂੰ ਤੇਲ ਮਲੀਂ। ਐਉਂ ਤੂੰ ਜਗਵੇਦੀ ਨੂੰ ਪਵਿੱਤ੍ਰ ਕਰੀਂ ਤਾਂ ਉਹ ਜਗਵੇਦੀ ਅੱਤ**
**ਪਵਿੱਤ੍ਰ ਹੋਵੇਗੀ। 11ਫੇਰ ਤੂੰ ਹੌਦ ਨੂੰ ਅਤੇ ਉਸ ਦੀ ਚੌਂਕੀ ਨੂੰ ਮਲੀਂ। ਤੂੰ ਉਹ ਨੂੰ ਪਵਿੱਤ੍ਰ ਕਰੀਂ। 12ਤੂੰ**
**ਹਾਰੂਨ ਅਤੇ ਉਸ ਦੇ ਪੁੱਤ੍ਰਾਂ ਨੂੰ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਲਿਆਈਂ ਅਤੇ ਉਨ੍ਹਾਂ ਨੂੰ ਪਾਣੀ**
**ਨਾਲ ਨੁਲਹਾਈਂ। 13ਤੂੰ ਹਾਰੂਨ ਨੂੰ ਪਵਿੱਤ੍ਰ ਬਸਤ੍ਰ ਪੁਆਈਂ ਅਤੇ ਉਹ ਨੂੰ ਮਸਹ ਕਰ ਕੇ ਪਵਿੱਤ੍ਰ ਕਰੀਂ**
**ਤਾਂ ਜੋ ਉਹ ਮੇਰੀ ਜਾਜਕਾਈ ਦੀ ਸੇਵਾ ਕਰੇ। 14ਤੂੰ ਉਸ ਦੇ ਪੁੱਤ੍ਰਾਂ ਨੂੰ ਨੇੜੇ ਲਿਆ ਕੇ ਕੁੜਤੇ ਪੁਆਈਂ।**
**15ਅਤੇ ਤੂੰ ਉਨ੍ਹਾਂ ਨੂੰ ਮਸਹ ਕਰੀਂ ਜਿਵੇਂ ਤੈਂ ਉਨ੍ਹਾਂ ਦੇ ਪਿਤਾ ਨੂੰ ਮਸਹ ਕੀਤਾ ਤਾਂ ਜੋ ਓਹ ਮੇਰੇ ਲਈ**
**ਜਾਜਕ ਹੋਣ ਅਤੇ ਐਉਂ ਉਨ੍ਹਾਂ ਦਾ ਮਸਹ ਹੋਣਾ ਉਨ੍ਹਾਂ ਦੀਆਂ ਪੀੜ੍ਹੀਆਂ ਤੀਕ ਇੱਕ ਅਨੰਤ ਜਾਜਕਾਈ**
**ਹੋਵੇਗੀ।**

**ਆਇਤ 9.** ਡੇਹਰੇ ਨੂੰ ਸਥਾਪਤ ਕਰਨ ਦੀਆਂ ਹਿਦਾਇਤਾਂ ਦੇਣ ਤੋਂ ਬਾਅਦ, ਪ੍ਰਭੂ ਨੇ ਇਸ ਨੂੰ ਆਪਣੇ ਉਪਯੋਗ ਕਰਨ ਦੇ ਲਈ ਸਮਰਪਿਤ ਕਰਨ ਦੀਆਂ ਹਿਦਾਇਤਾਂ ਦਿੱਤੀਆਂ। ਇਨ੍ਹਾਂ ਹਿਦਾਇਤਾਂ ਨੂੰ ਇੱਕ ਬਿਆਨ ਦੁਆਰਾ ਸੰਖੇਪ ਕੀਤਾ ਗਿਆ ਜੋ ਨਿਮਨਲਿਖਤ ਹੈ (40:1, 2)। ਮੂਸਾ ਨੂੰ ਕਿਹਾ ਗਿਆ ਸੀ ਕਿ ਉਹ **ਮਲਣ ਦੇ ਤੇਲ** ਲੈ ਕੇ **ਡੇਹਰੇ** ਵਿਚਲੀ ਹਰ ਚੀਜ਼ ਨੂੰ ਮਲੇ, ਜਿਸ ਵਿਚ **ਉਸ ਦੇ** (ਦਾ) **ਸਾਰੇ ਸਮਾਨ** ਵੀ ਸ਼ਾਮਲ ਸੀ। "ਸਮਾਨ" ਇਸਤੇਮਾਲ ਕਰਨ ਦੇ ਲਈ ਕਿਹਾ ਗਿਆ ਸੀ। "ਸਾਰੇ ਸਮਾਨ" ਵਿਚ ਨੇਮ ਦਾ ਸੰਦੂਕ, ਸ਼ਮਾਦਾਨ, ਹਜ਼ੂਰੀ ਦੀ ਰੋਟੀ ਦੀ ਮੇਜ਼, ਅਤੇ ਧੂਪ ਦੀ ਜਗਵੇਦੀ ਸ਼ਾਮਲ ਹੋਵੇਗੀ।

ਮਸਹ ਕਰਨ ਦੀ ਵਿਧੀ ਵਿਚ, ਮੂਸਾ ਡੇਹਰੇ ਨੂੰ ਪਵਿੱਤਰ ਕਰੇਗਾ, ਇਸ ਨੂੰ ਪਰਮੇਸ਼ੁਰ ਦੇ ਕੰਮਾਂ ਦੇ ਲਈ ਵੱਖਰਾ ਕਰੇਗਾ; ਸਾਰਾ ਸਮਾਨ ਪਵਿੱਤ੍ਰ ਹੋ ਜਾਵੇਗਾ। ਇਹ ਧਿਆਨ ਦੇਣ ਯੋਗ ਗੱਲ ਹੈ ਕਿ "ਪਵਿੱਤਰਤਾ" ਨੇ ਉਸ ਸਮੇਂ ਤੱਕ ਡੇਹਰੇ, ਇਸ ਦੇ ਸਮਾਨ, ਅਤੇ ਪੂਰੇ ਕੰਪਲੈਕਸ ਨੂੰ ਚਿਤਰਿਤ ਨਹੀਂ ਕੀਤਾ ਜਦੋਂ ਤੱਕ ਇਸ ਨੂੰ ਪਵਿੱਤਰ ਨਹੀਂ ਕੀਤਾ ਗਿਆ।[2] ਇਸ ਤੋਂ ਇਲਾਵਾ, ਸ਼ਾਇਦ ਡੇਹਰਾ ਉਸ ਸਮੇਂ ਤੱਕ ਸੱਚਮੁੱਚ ਪਵਿੱਤਰ ਨਹੀਂ ਹੋਇਆ ਸੀ ਜਦੋਂ ਤੱਕ ਪਰਮੇਸ਼ੁਰ ਨੇ ਆਪ ਦਿੱਖ ਤੌਰ ਤੇ ਇੱਕ ਬੱਦਲ ਦੇ ਰੂਪ ਆਪਣੀ ਹਜ਼ੂਰੀ ਨੂੰ ਪਰਗਟ ਨਾ ਕੀਤਾ ਜਿਸ ਨੂੰ ਇਸ ਨੂੰ ਭਰ ਦਿੱਤਾ ਸੀ (40:34)।

**ਆਇਤਾਂ 10, 11.** ਇਸ ਤੋਂ ਬਾਅਦ, ਮੂਸਾ ਨੂੰ **ਹੋਮ ਦੀ ਜਗਵੇਦੀ** ਨੂੰ **ਉਸ ਦੇ ਸਾਰੇ ਸਮਾਨ** ਦੇ ਨਾਲ ਜੋ ਵਿਹੜੇ ਦੇ ਵਿਚ ਹੈ **ਤੇਲ ਮਲੀਂ** [ਮਲਣ] ਦੀ ਹਿਦਾਇਤ ਦਿੱਤੀ ਗਈ ਸੀ। ਉਸ ਨੂੰ **ਹੌਦ ਅਤੇ ਉਸ ਦੀ ਚੌਂਕੀ** ਨੂੰ ਵੀ **ਤੇਲ ਮਲੀਂ** (ਮਲਣ) ਦਾ ਹੁਕਮ ਦਿੱਤਾ ਗਿਆ ਸੀ। ਸਿੱਟੇ ਵਜੋਂ, ਇਹ

ਵਸਤੂਆਂ ਪ੍ਰਭੂ ਦੇ ਲਈ ਵੀ ਪਵਿੱਤਰ ਹੋ ਜਾਣਗੀਆਂ।

**ਆਇਤਾਂ 12-15.** ਫਿਰ, ਮੂਸਾ ਨੂੰ ਹਿਦਾਇਤ ਦਿੱਤੀ ਗਈ ਕਿ ਉਹ ਆਪਣਾ ਧਿਆਨ ਜਾਜਕਾਂ, **ਹਾਰੂਨ ਅਤੇ ਉਸ ਦੇ ਪੁੱਤ੍ਰਾਂ** ਵੱਲ ਕਰੇ, ਅਤੇ **ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਉਨ੍ਹਾਂ ਨੂੰ ਨੁਲਵਾਈਂ** (ਨੁਲਵਾਵੇ), ਬੇਸ਼ੱਕ ਉਸ ਹੌਦ ਵਿਚ ਜਿਸ ਨੂੰ ਹੁਣੇ ਹੁਣੇ ਪਵਿੱਤਰ ਕੀਤਾ ਗਿਆ ਸੀ (40:11, 31)। ਜਿਵੇਂ ਮਹਾਂ ਜਾਜਕ ਦੇ ਰੂਪ ਵਿਚ, **ਹਾਰੂਨ** ਨੂੰ **ਪਵਿੱਤ੍ਰ ਬਸਤ੍ਰ** ਪੁਆਏ ਜਾਂਦੇ ਸਨ ਅਤੇ **ਉਸ ਨੂੰ** ਤੇਲ ਨਾਲ **ਮਸਹ** ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ, ਹਾਰੂਨ ਦੇ **ਪੁੱਤ੍ਰਾਂ** ਨੂੰ ਉਨ੍ਹਾਂ ਦੇ **ਕੁੜਤੇ** ਪਹਿਨਣੇ ਅਤੇ **ਮਸਹ** ਕੀਤਾ ਜਾਣਾ ਸੀ। ਇਸ ਤਰੀਕੇ ਨਾਲ, ਹਾਰੂਨ ਅਤੇ ਉਸ ਦੇ ਪੁੱਤਰ ਪ੍ਰਭੂ ਦੀ **ਜਾਜਕਾਈ ਦੀ ਸੇਵਾ** ਦੇ ਯੋਗ ਹੋਣਗੇ। ਉਹ ਉਨ੍ਹਾਂ ਦੇ ਰਾਹੀਂ **ਇੱਕ ਅਨੰਤ ਜਾਜਕਾਈ** ਨੂੰ ਸਥਾਪਤ ਕਰੇਗਾ। (ਅਧਿਆਇ 29 ਵਿਚ ਜਾਜਕਾਂ ਨੂੰ ਮਸਹ ਕੀਤੇ ਜਾਣ ਦਾ ਵਰਣਨ ਵਿਸਥਾਰ ਤੇ ਨਾਲ ਕੀਤਾ ਗਿਆ ਹੈ।)

## ਡੇਹਰੇ ਦੇ ਤੰਬੂ ਨੂੰ ਖੜਾ ਕਰਨਾ (40:16-33)

**16ਮੂਸਾ ਨੇ ਜਿਵੇਂ ਯਹੋਵਾਹ ਨੇ ਹੁਕਮ ਦਿੱਤਾ ਸੀ ਤਿਵੇਂ ਹੀ ਸਭ ਕੁਝ ਕੀਤਾ। 17ਉਪਰੰਤ ਐਉਂ**
**ਹੋਇਆ ਕਿ ਦੂਜੇ ਵਰਹੇ ਦੇ ਪਹਿਲੇ ਮਹੀਨੇ ਦੇ ਪਹਿਲੇ ਦਿਨ ਉਹ ਡੇਹਰਾ ਖੜਾ ਕੀਤਾ ਗਿਆ।**
**18ਅਤੇ ਮੂਸਾ ਨੇ ਡੇਹਰੇ ਨੂੰ ਖੜਾ ਕੀਤਾ ਅਰ ਉਸ ਨੇ ਉਹ ਦੀਆਂ ਚੀਥੀਆਂ ਅਰ ਉਸ ਦੇ ਫੱਟੇ ਲਾਏ**
**ਅਤੇ ਉਸ ਦੇ ਹੋੜੇ ਰੱਖੇ ਅਤੇ ਉਸ ਦੀਆਂ ਥੰਮ੍ਹੀਆਂ ਖੜੀਆਂ ਕੀਤੀਆਂ। 19ਫੇਰ ਡੇਹਰੇ ਉੱਤੇ ਉਸ ਨੇ**
**ਤੰਬੂ ਤਾਣਿਆ ਅਤੇ ਤੰਬੂ ਤਾਣਿਆ ਅਤੇ ਤੰਬੂ ਉੱਤੇ ਉਤਾਹਾਂ ਢਕਣਾ ਲਾਇਆ ਜਿਵੇਂ ਯਹੋਵਾਹ ਨੇ**
**ਮੂਸਾ ਨੂੰ ਹੁਕਮ ਦਿੱਤਾ ਸੀ। 20ਫੇਰ ਉਸ ਸਾਖੀ ਨੂੰ ਲੈ ਕੇ ਸੰਦੂਕ ਵਿੱਚ ਪਾਇਆ ਅਤੇ ਚੋਬਾਂ ਸੰਦੂਕ**
**ਉੱਤੇ ਰੱਖੀਆਂ ਅਤੇ ਪਰਾਸਚਿਤ ਦਾ ਸਰਪੋਸ਼ ਉਤਾਹਾਂ ਸੰਦੂਕ ਦੇ ਉੱਤੇ ਰੱਖਿਆ। 21ਉਹ ਸੰਦੂਕ ਨੂੰ**
**ਡੇਹਰੇ ਦੇ ਅੰਦਰ ਲਿਆਇਆ ਅਤੇ ਓਟ ਦਾ ਪੜਦਾ ਲਮਕਾਇਆ ਅਤੇ ਸਾਖੀ ਦੇ ਸੰਦੂਕ ਨੂੰ ਓਟ**
**ਵਿੱਚ ਰੱਖਿਆ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। 22ਫੇਰ ਉਸ ਨੇ ਮੇਜ਼ ਨੂੰ ਮੰਡਲੀ ਦੇ**
**ਤੰਬੂ ਵਿੱਚ ਡੇਹਰੇ ਦੇ ਉੱਤਰ ਵੱਲ ਦੇ ਪਾਸੇ ਪੜਦੇ ਤੋਂ ਬਾਹਰ ਰੱਖਿਆ। 23ਅਤੇ ਉਸ ਨੇ ਉਸ ਉੱਤੇ**
**ਯਹੋਵਾਹ ਅੱਗੇ ਰੋਟੀ ਸੁਆਰ ਕੇ ਰੱਖੀ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। 24ਤਾਂ ਉਸ**
**ਨੇ ਸ਼ਮਾਦਾਨ ਮੰਡਲੀ ਦੇ ਤੰਬੂ ਵਿੱਚ ਮੇਜ਼ ਦੇ ਸਾਹਮਣੇ ਡੇਹਰੇ ਦੇ ਦੱਖਣ ਵੱਲ ਦੇ ਪਾਸੇ ਰੱਖਿਆ।**
**25ਅਤੇ ਉਸ ਨੇ ਯਹੋਵਾਹ ਦੇ ਅੱਗੇ ਦੀਵੇ ਜਗਾਏ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**
**26ਫੇਰ ਉਸ ਨੇ ਸੋਨੇ ਦੀ ਜਗਵੇਦੀ ਨੂੰ ਮੰਡਲੀ ਦੇ ਤੰਬੂ ਵਿੱਚ ਪੜਦੇ ਦੇ ਸਾਹਮਣੇ ਰੱਖਿਆ। 27ਅਤੇ**
**ਉਸ ਉੱਤੇ ਸੁਗੰਧੀ ਧੂਪ ਜਲਾਈ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। 28ਫੇਰ ਉਸ ਨੇ**
**ਡੇਹਰੇ ਦੇ ਦਰਵੱਜੇ ਦੀ ਓਟ ਲਮਕਾਈ। 29ਤਾਂ ਉਸ ਨੇ ਹੋਮ ਦੀ ਜਗਵੇਦੀ ਨੂੰ ਡੇਹਰੇ ਦੀ ਮੰਡਲੀ**
**ਦੇ ਤੰਬੂ ਦੇ ਦਰਵੱਜੇ ਉੱਤੇ ਰੱਖਿਆ ਅਰ ਉਸ ਉੱਤੇ ਹੋਮ ਦੀ ਭੇਟ ਅਰ ਮੈਦੇ ਦੀ ਭੇਟ ਚੜ੍ਹਾਈ ਜਿਵੇਂ**
**ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। 30ਫੇਰ ਉਸ ਨੇ ਹੌਦ ਮੰਡਲੀ ਦੇ ਤੰਬੂ ਅਤੇ ਜਗਵੇਦੀ ਦੇ**
**ਵਿਚਕਾਰ ਰੱਖਿਆ ਅਤੇ ਉਸ ਵਿੱਚ ਨਹਾਉਣ ਦਾ ਪਾਣੀ ਪਾਇਆ। 31ਅਤੇ ਮੂਸਾ ਤੇ ਹਾਰੂਨ ਅਰ**
**ਉਸ ਦੇ ਪੁੱਤ੍ਰ ਉਸ ਵਿੱਚ ਹੱਥ ਪੈਰ ਧੋਂਦੇ ਹੁੰਦੇ ਸਨ। 32ਅਰਥਾਤ ਜਦ ਓਹ ਸਾਖੀ ਦੇ ਤੰਬੂ ਵਿੱਚ**
**ਜਾਂਦੇ ਅਤੇ ਜਦ ਓਹ ਜਗਵੇਦੀ ਦੇ ਨੇੜੇ ਆਉਂਦੇ ਸਨ ਤਾਂ ਓਹ ਅਸ਼ਨਾਨ ਕਰਦੇ ਹੁੰਦੇ ਸਨ ਜਿਵੇਂ**
**ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। 33ਫੇਰ ਉਸ ਨੇ ਹਾਤਾ ਡੇਹਰੇ ਅਤੇ ਜਗਵੇਦੀ ਦੇ ਚੁਫੇਰੇ**
**ਖੜਾ ਕੀਤਾ ਅਤੇ ਉਸ ਨੇ ਓਟ ਨੂੰ ਹਾਤੇ ਦੇ ਫਾਟਕ ਉੱਤੇ ਲਮਕਾਇਆ। ਐਉਂ ਮੂਸਾ ਨੇ ਉਸ ਕੰਮ**
**ਨੂੰ ਸੰਪੂਰਨ ਕੀਤਾ।**

**ਆਇਤਾਂ 16, 17.** ਇਸ ਭਾਗ ਨੂੰ ਇੱਕ ਸਾਰ ਦੇ ਨਾਲ ਦੁਬਾਰਾ ਤਿਆਰ ਕੀਤਾ ਗਿਆ ਹੈ (ਵੇਖੋ 40:1, 2, 9), ਜਿਸ ਵਿਚ ਡੇਹਰੇ ਦੀ ਸਥਾਪਨਾ ਵਿਚ ਮੂਸਾ ਦੀ ਆਗਿਆਕਾਰੀ ਤੇ ਪ੍ਰਕਾਸ਼ ਪਾਇਆ ਗਿਆ ਹੈ। ਜਿਸ ਤਰ੍ਹਾਂ ਮੂਸਾ ਨੇ ਡੇਹਰੇ ਦੀ ਇਮਾਰਤ ਦੇ ਸੰਬੰਧ ਵਿਚ ਕੀਤਾ ਸੀ (39:32, 42, 43), ਉਸੇ ਤਰ੍ਹਾਂ ਉਸ ਨੇ ਇਸ ਦੀ ਸਥਾਪਨਾ ਅਤੇ ਪਵਿੱਤਰ ਕੀਤੇ ਜਾਣ ਦੇ ਸੰਬੰਧ ਵਿਚ ਵੀ ਕੀਤਾ ਸੀ: **ਮੂਸਾ ਨੇ ਜਿਵੇਂ ਯਹੋਵਾਹ ਨੇ ਹੁਕਮ ਦਿੱਤਾ ਸੀ ਤਿਵੇਂ ਹੀ ਸਭ ਕੁਝ ਕੀਤਾ।** NASB ਅਤੇ NIV ਆਇਤ 16 ਨੂੰ ਪਿਛਲੇ ਪੈਰੇ ਦਾ ਆਖਰੀ ਵਾਕ ਬਣਾਉਂਦੇ ਹਨ। ਪਰ, ਇਹ ਵਾਕ ਇੱਕ ਨਵੇਂ ਪੈਰੇ ਦੀ ਜਾਣਕਾਰੀ ਦੇ ਰੂਪ ਵਿਚ ਬੇਹਤਰ ਕੰਮ ਕਰਦਾ ਹੈ, ਜਿਵੇਂ NRSV ਵਿਚ ਹੈ। ਜਿਸ ਸਮੇਂ ਵਿਚ ਪਰਮੇਸ਼ੁਰ ਨੇ ਕਿਹਾ ਸੀ ਉਸੇ ਵਿਚ **ਡੇਹਰਾ ਖੜਾ ਕੀਤਾ ਗਿਆ** ਸੀ (40:2): **ਦੂਜੇ ਵਰਹੇ ਦੇ ਪਹਿਲੇ ਮਹੀਨੇ ਦੇ ਪਹਿਲੇ ਦਿਨ।**

**ਆਇਤਾਂ 18, 19.** ਅਧਿਆਇ 40:2-8 ਵਿਚ ਦਿੱਤੀਆਂ ਗਈਆਂ ਹਿਦਾਇਤਾਂ ਦੇ ਅਨੁਸਾਰ, ਡੇਹਰੇ ਦੀ ਸਥਾਪਨਾ ਨੂੰ ਤਰਕਪੂਰਣ ਢੰਗ ਦੇ ਨਾਲ ਲਾਗੂ ਕੀਤਾ ਗਿਆ ਹੈ। **ਮੂਸਾ** ਨੇ **ਡੇਹਰੇ** ਦੇ ਨਾਲ ਸ਼ੁਰੂ ਕੀਤਾ ਸੀ, ਚੀਥੀਆਂ, ਫੱਟੇ, ਹੋੜੇ, ਅਤੇ ਥੰਮ੍ਹੀਆਂ ਨੂੰ ਜੋੜਿਆ ਗਿਆ ਤਾਂ ਕਿ ਢਾਂਚਾ ਬਣਾਇਆ ਜਾ ਸਕੇ। ਅੱਗੇ, **ਡੇਹਰੇ ਉੱਤੇ ਉਸ ਨੇ ਤੰਬੂ ਤਾਣਿਆ ਤੇ ਤੰਬੂ ਉੱਤੇ ਉਤਾਹਾਂ ਢਕਣਾ ਲਾਇਆ।** ਮੂਸਾ ਦੀ ਆਗਿਆਕਾਰੀ ਤੇ ਇਸ ਵਾਕ ਦੇ ਨਾਲ ਪ੍ਰਕਾਸ਼ ਪਾਇਆ ਗਿਆ ਹੈ **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ,** ਜੋ ਇਸ ਭਾਗ ਵਿਚ ਸੱਤ ਵਾਰ ਪਰਗਟ ਹੁੰਦਾ ਹੈ (39:1 ਨੂੰ ਵੇਖੋ)।

**ਆਇਤਾਂ 20, 21.** ਉਸ ਤੋਂ ਬਾਅਦ, ਸ਼ਰਾ (**ਸਾਖੀ**) ਦੀਆਂ ਦੋ ਪੱਟੀਆਂ ਨੂੰ **ਸੰਦੂਕ** ਵਿਚ ਰੱਖੀਆਂ ਗਈਆਂ, ਦੋ **ਚੋਬਾਂ** ਨੂੰ ਛੱਲਿਆਂ ਦੇ ਵਿਚ ਪਾਇਆ ਗਿਆ, ਅਤੇ **ਸੰਦੂਕ ਦੇ ਉੱਤੇ ਪਰਾਸਚਿਤ ਦਾ ਸਰਪੋਸ਼** ਰੱਖਿਆ ਗਿਆ ਸੀ। ਇਸ ਤੋਂ ਬਾਅਦ, **ਸੰਦੂਕ** ਨੂੰ **ਡੇਹਰੇ ਦੇ ਅੰਦਰ** ਲਿਆਂਦਾ ਗਿਆ। ਜਿਸ ਖੇਤਰ ਵਿਚ ਸੰਦੂਕ ਨੂੰ ਰੱਖਿਆ ਗਿਆ ਸੀ ਉਹ **ਇੱਕ ਪੜਦਾ** ਲਟਕਾਏ ਜਾਣ ਨਾਲ ਬਾਕੀ ਤੰਬੂ ਤੋਂ ਵੱਖਰਾ ਹੋ ਗਿਆ ਸੀ।

**ਆਇਤਾਂ 22, 23.** ਸਮਾਨ ਨੂੰ ਪਵਿੱਤਰ ਸਥਾਨ ਵਿਚ ਸਥਾਪਤ ਕੀਤਾ ਗਿਆ ਸੀ। **ਮੇਜ਼** ਨੂੰ **ਡੇਹਰੇ ਦੇ ਉੱਤਰ ਵੱਲ ਦੇ ਪਾਸੇ** ਰੱਖਿਆ ਗਿਆ ਸੀ ਅਤੇ **ਰੋਟੀ ਯਹੋਵਾਹ ਅੱਗੇ** ਰੱਖੀ ਗਈ ਸੀ।

**ਆਇਤਾਂ 24-27.** ਇਸ ਤੋਂ ਬਾਅਦ, **ਸ਼ਮਾਦਾਨ ਨੂੰ ਡੇਹਰੇ ਦੇ ਦੱਖਣ ਵਾਲੇ ਪਾਸੇ** ਸਥਾਪਤ ਕੀਤਾ ਗਿਆ। ਮੂਸਾ ਨੇ **ਯਹੋਵਾਹ ਦੇ ਅੱਗੇ** ਸੱਤ **ਦੀਵੇ** ਜਗਾਏ। ਅਜਿਹਾ ਕਰਨ ਤੋਂ ਬਾਅਦ, ਮੂਸਾ ਨੇ **ਸੋਨੇ ਦੀ ਜਗਵੇਦੀ ਨੂੰ ... ਪੜਦੇ ਦੇ ਸਾਹਮਣੇ** ਰੱਖਿਆ। ਫਿਰ ਉਸ ਨੇ ਪ੍ਰਭੂ ਦੇ ਸਾਹਮਣੇ **ਉਸ ਉੱਤੇ ਸੁਗੰਧੀ ਧੂਪ ਜਲਾਈ।**

**ਆਇਤ 28.** ਪਵਿੱਤਰ ਸਥਾਨ ਨੂੰ ਵਿਹੜੇ ਤੋਂ ਵੱਖਰਾ ਕਰਨ ਦੇ ਲਈ, ਮੂਸਾ ਨੇ **ਡੇਹਰੇ ਦੇ ਦਰਵੱਜੇ ਦੀ ਓਟ ਲਮਕਾਈ।**

**ਆਇਤ 29.** ਇਸ ਬਿੰਦੂ ਤੇ, ਉਸ ਨੇ **ਹੋਮ ਬਲੀ ਦੀ ਜਗਵੇਦੀ ਨੂੰ ਤੰਬੂ ਦੇ ਦਰਵੱਜੇ ਉੱਤੇ** ਰੱਖਿਆ ਜਾਂ ਵਿਹੜੇ ਵਿਚ ਅਤੇ ਫਿਰ ਇੱਕ **ਹੋਮ ਦੀ ਭੇਟ** ਅਤੇ **ਮੈਦੇ ਦੀ ਭੇਟ** ਯਹੋਵਾਹ **ਦੇ ਅੱਗੇ ਚੜ੍ਹਾਈ।**

**ਆਇਤਾਂ 30-32.** ਮੂਸਾ ਨੇ **ਹੌਦ** ਦੀ ਸਥਾਪਨਾ ਕੀਤੀ, ਜੋ **ਮੰਡਲੀ ਦੇ ਤੰਬੂ ਅਤੇ ਜਗਵੇਦੀ ਦੇ ਵਿਚਕਾਰ** ਸਥਿਤ ਸੀ। ਹੌਦ ਵਿਚ **ਪਾਣੀ** ਪਾਉਣ ਤੋਂ ਬਾਅਦ, ਇਸ ਨੂੰ ਵੀ ਇਸਤੇਮਾਲ ਕੀਤਾ ਗਿਆ ਸੀ। **ਮੂਸਾ ਤੇ ਹਾਰੂਨ ਅਰ ਉਸ ਦੇ ਪੁੱਤ੍ਰ ਉਸ ਵਿੱਚ ਹੱਥ ਪੈਰ ਧੋਂਦੇ ਹੁੰਦੇ ਸਨ**, ਆਪਣੇ ਆਪ ਨੂੰ ਸ਼ੁੱਧ ਕਰਦੇ ਸਨ।

**ਆਇਤ 33.** ਮੂਸਾ ਨੇ **ਹਾਤਾ**, ਜਾਂ ਕੰਧ **ਡੇਹਰੇ ... ਦੇ ਚੁਫੇਰੇ ਖੜਾ ਕੀਤਾ**। ਉਸ ਨੇ **ਓਟ ਨੂੰ**

**ਵੀ** ਹਾਤੇ ਦੇ ਫਾਟਕ ਉੱਤੇ **ਲਮਕਾਇਆ**।

ਆਖਿਰਕਾਰ, ਡੇਹਰੇ ਦੇ ਬਣਾਏ ਅਤੇ ਸਥਾਪਤ ਕੀਤੇ ਜਾਣ ਤੋਂ ਬਾਅਦ, ਲੇਖਕ ਪੁਸਤਕ ਦੇ ਉਸ ਹਿੱਸੇ ਨੂੰ ਸੰਖੇਪ ਵਿਚ ਪ੍ਰਸਤੁਤ ਕਰ ਸਕਦਾ ਹੈ, ਜਿਸ ਨੂੰ ਮੁੱਖ ਤੌਰ ਤੇ ਇਹ ਕਹਿ ਕੇ ਕਰਨਾ ਚਾਹੀਦਾ ਹੈ ਕਿ, **ਐਉਂ ਮੂਸਾ ਨੇ ਉਸ ਕੰਮ ਨੂੰ ਸੰਪੂਰਨ ਕੀਤਾ।**

ਅਧਿਆਇ ਦੇ ਇਸ ਭਾਗ ਦੇ ਵਿਸ਼ੇ ਵਿਚ ਦੋ ਪ੍ਰਸ਼ਨ ਪੈਦਾ ਹੁੰਦੇ ਹਨ। ਇੱਕ ਡੇਹਰੇ ਦੇ ਸਮਰਪਣ ਦੇ ਨਾਲ ਸੰਬੰਧਤ ਹੈ। 40:9-15 ਵਿਚ ਨਵੇਂ ਬਣਾਏ ਡੇਹਰੇ ਦੇ ਮਸਹ ਕੀਤੇ ਜਾਣ ਅਤੇ ਪਵਿੱਤਰ ਕੀਤੇ ਜਾਣ ਦੇ ਵਿਸ਼ੇ ਵਿਚ ਕਾਫ਼ੀ ਵੇਰਵੇ ਵਿਚ ਜਾਣ ਤੋਂ ਬਾਅਦ, ਉਸ ਨੇ ਇਸ ਮਸਹ ਕੀਤੇ ਜਾਣ ਅਤੇ ਪਵਿੱਤਰ ਕੀਤੇ ਜਾਣ ਦਾ ਵਰਣਨ ਕਿਉਂ ਨਹੀਂ ਕੀਤਾ ਗਿਆ ਹੈ? ਇੱਕ ਪਾਠਕ ਇਹ ਸਿੱਟਾ ਕੱਢ ਸਕਦਾ ਹੈ ਕਿ ਮੂਸਾ ਦੋ ਤੱਥਾਂ ਨੂੰ ਛੱਡ ਕੇ ਇਸ ਬਿੰਦੂ ਤੇ ਪ੍ਰਭੂ ਦੇ ਹੁਕਮਾਂ ਨੂੰ ਪੂਰਾ ਕਰਨ ਵਿਚ ਅਸਫਲ ਰਿਹਾ: (1) ਲਿਖਤ ਕਹਿੰਦੀ ਹੈ ਕਿ ਮੂਸਾ ਨੇ ਉਸੇ ਤਰ੍ਹਾਂ ਕੀਤਾ ਜਿਸ ਦਾ ਪਰਮੇਸ਼ੁਰ ਨੇ ਉਸ ਨੂੰ ਹੁਕਮ ਦਿੱਤਾ ਸੀ (40:19, 21, 23, 25, 27, 29, 32)। (2) ਲੇਵੀਆਂ 8 ਅਧਿਆਇ ਵਿਚ ਅਸਲੀ ਸਮਰਪਣ ਸੇਵਾ ਦਾ ਵਰਣਨ ਕੀਤਾ ਗਿਆ ਹੈ। ਇਸ ਤੱਥ ਨੂੰ ਪਾਠਕ ਨੂੰ ਇਹ ਯਾਦ ਦਿਵਾਉਣ ਦਾ ਕੰਮ ਕਰਨਾ ਚਾਹੀਦਾ ਹੈ ਕਿ ਕੂਚ ਇੱਕ ਵੱਡੇ ਸੰਪੂਰਣ - ਪੈਂਟਾਟਿਊਕ ਜਾਂ ਤੋਰਹ - ਦਾ ਹਿੱਸਾ ਹੈ - ਅਤੇ ਇਹ ਕਿ ਪੈਂਟਾਟਿਊਕ ਦੇ ਪ੍ਰੇਰਿਤ ਲੇਖਕ ਨੇ ਹਮੇਸ਼ਾ ਆਪਣੀ ਕਹਾਣੀ ਕਹਿਣ ਵਿਚ ਸਖਤ ਕਾਲਕ੍ਰਮਿਕ ਕ੍ਰਮ ਦਾ ਪਾਲਣ ਨਹੀਂ ਕੀਤਾ।

ਇਸ ਪੈਰੇ ਤੋਂ ਇੱਕ ਦੂਸਰਾ ਸਵਾਲ ਪੈਦਾ ਹੋ ਸਕਦਾ ਹੈ। ਜੇਕਰ ਸਿਰਫ ਜਾਜਕ ਬਲੀਦਾਨ ਚੜ੍ਹਾਉਂਦੇ ਸਨ, ਤਾਂ ਮੂਸਾ ਨੂੰ ਦੀਵੇ ਜਗਾਉਣ, ਧੂਪ ਧੁਖਾਉਣ "ਹੋਮਬਲੀ ਅਤੇ ਭੋਜਨ ਚੜ੍ਹਾਉਣ," ਹੌਦ ਵਿਚ ਧੋਣ ਦੀ ਪੇਸ਼ਕਸ਼ ਕਿਉਂ ਕੀਤੀ ਗਈ ਸੀ (40:25, 27, 29, 31)? ਬਹੁਤ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ।

ਇੱਕ ਸੰਭਾਵਨਾ ਇਹ ਹੈ ਕਿ ਮੂਸਾ, ਭਾਵੇਂ ਹਾਰੂਨ ਦੀ ਅੰਸ ਵਿਚੋਂ ਨਹੀਂ ਸੀ, ਪਰ ਉਸ ਨੇ ਇੱਕ ਜਾਜਕ ਦੇ ਨਾਲ ਨਾਲ ਇੱਕ ਆਗੂ ਅਤੇ ਸ਼ਰਾ ਦੇਣ ਵਾਲੇ ਦੇ ਰੂਪ ਵਿਚ ਵੀ ਕੰਮ ਕੀਤਾ ਸੀ। ਅਸਲ ਵਿਚ, ਉਹ ਲੇਵੀ ਦੇ ਗੋਤ ਦਾ ਮੈਂਬਰ ਸੀ; ਅਤੇ ਉਸ ਨੇ ਇਸਰਾਏਲ ਅਤੇ ਪਰਮੇਸ਼ੁਰ ਦੇ ਵਿਚਕਾਰ ਇੱਕ ਵਿਚੋਲੇ ਦਾ ਕੰਮ ਵੀ ਕੀਤਾ ਸੀ, ਜੋ ਇਕ ਜਾਜਕ ਦਾ ਪ੍ਰਮੁੱਖ ਕੰਮ ਹੁੰਦਾ ਸੀ।[3]


ਦੂਸਰੀ ਸੰਭਾਵਨਾ ਇਹ ਹੈ ਕਿ ਇਸ ਅਧਿਆਇ ਵਿਚ ਮੂਸਾ ਦੇ ਕੰਮਾਂ ਤੋਂ ਪਹਿਲਾਂ ਜਾਜਕਾਂ ਨੇ ਆਦੇਸ਼ ਨੇ ਅਧਿਕਾਰਿਕ ਢੰਗ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਜਦੋਂ ਤੱਕ ਜਾਜਕਾਂ ਨੂੰ ਠਹਿਰਾਇਆ ਨਹੀਂ ਜਾਂਦਾ, ਉਦੋਂ ਤੱਕ ਪੁਜਾਰੀਪਣ ਦੇ ਨਿਯਮ ਲਾਗੂ ਨਹੀਂ ਹੁੰਦੇ ਸਨ। ਇਸ ਪ੍ਰਕਾਰ, ਮੂਸਾ ਨੇ ਉਸ ਸਮੇਂ ਕੋਈ ਨਿਯਮ ਨਹੀਂ ਤੋੜਿਆ ਜਦੋਂ ਉਸ ਨੇ ਉਹ ਕਾਰਜ ਕੀਤਾ ਜੋ ਬਾਅਦ ਵਿਚ ਜਾਜਕਾਂ ਦੇ ਨਾਲ ਹੀ ਸੰਬੰਧਤ ਸਨ।


ਇੱਕ ਤੀਜੀ ਸੰਭਾਵਨਾ ਇਹ ਹੈ ਕਿ ਅਸਲ ਵਿਚ ਮੂਸਾ ਨੇ ਖੁਦ ਬਲੀਦਾਨ ਨਹੀਂ ਚੜ੍ਹਾਏ ਸਨ ਪਰ ਉਨ੍ਹਾਂ ਨੂੰ ਚੜ੍ਹਾਉਣ ਦਾ ਕਾਰਣ ਬਣਿਆ ਸੀ।[4]

ਇੱਕ ਆਖਰੀ ਸੰਭਾਵਨਾ ਇਹ ਹੈ ਕਿ ਹਵਾਲਿਆਂ ਨੂੰ ਪੂਰਵ ਅਨੁਮਾਨਿਤ ਦੇ ਰੂਪ ਵਿਚ ਲੈਣਾ ਚਾਹੀਦਾ - ਜੋ ਪਹਿਲੀਆਂ ਚੀਜ਼ਾਂ ਨੂੰ ਬੋਲਦਾ ਹੈ ਜੋ ਬਾਅਦ ਵਿਚ ਹੋਈਆਂ ਸਨ। ਸ਼ਾਇਦ ਇਹ ਬਿਆਨ ਕਿ ਮੂਸਾ ਨੇ ਦੀਵੇ ਜਗਾਏ, ਧੂਪ ਧੁਖਾਈ, ਬਲੀਦਾਨ ਚੜ੍ਹਾਏ, ਅਤੇ ਹੌਦ ਵਿਚ ਨਹਾਇਆ ਦਾ ਅਰਥ ਇਹ ਨਹੀਂ ਹੈ ਕਿ ਇਹ ਸਭ ਡੇਹਰੇ ਦੇ ਖੜੇ ਕੀਤੇ ਜਾਣ ਦੇ ਸਮੇਂ ਕੀਤੇ ਗਏ ਸਨ। ਪਰ, ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹ ਇਸ ਗੱਲ ਦਾ ਸੰਕੇਤ ਦੇ ਰਹੇ ਹਨ ਕਿ ਲਿਖਤ ਵਿਚ ਵਰਣਨ ਕੀਤੀਆਂ ਗਈਆਂ ਵਸਤੂਆਂ ਦੇ ਸੰਬੰਧ ਵਿਚ ਬਾਅਦ ਵਿਚ ਕੀ ਹੋਇਆ ਸੀ। ਆਇਤ 32 ਇਸ ਸਥਿਤੀ ਵਿਚ ਸਬੂਤ ਪ੍ਰਦਾਨ ਕਰਦੀ ਜਾਪਦੀ ਹੈ, ਕਿਉਂਕਿ ਇਹ ਹੌਦ ਵਿਚ ਧੋਣ ਦੀ ਗੱਲ

ਕਰਦੀ ਹੈ ਜੋ ਨਿਰੰਤਰ ਹੁੰਦਾ ਰਿਹਾ; ਕਿਰਿਆ "ਧੋਂਦੇ ਹੁੰਦੇ ਸਨ" ਅਪੂਰਣ ਕਾਲ ਵਿਚ ਹੈ। ਇਸ ਤੋਂ ਇਲਾਵਾ, ਅੰਬਰਟੋ ਕੈਸੂਟੋ ਨੇ ਕਿਹਾ ਕਿ ਕਿਰਿਆ ਦਾ ਰੂਪ ਉਸ ਸਮੇਂ ਇਸਤੇਮਾਲ ਕੀਤਾ ਜਾਂਦਾ ਹੈ ਜਦੋਂ ਲਿਖਤ ਕਹਿੰਦੀ ਹੈ ਕਿ "ਉਸ ਨੇ ਦੀਵੇ ਜਗਾਏ," ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ "ਸ਼ਮਾਦਾਨ ਨੂੰ ਉਸ ਦੇ ਸਥਾਨ ਤੇ ਰੱਖਦਿਆਂ ਸਾਰ ਹੀ ਜਗਾਇਆ ਨਹੀਂ ਗਿਆ ਸੀ, ਪਰ ਡੇਹਰੇ ਦੀ ਸਥਾਪਨਾ ਅਤੇ ਪਵਿੱਤਰ ਕੀਤੇ ਜਾਣ ਤੋਂ ਬਾਅਦ ਜਗਾਇਆ ਗਿਆ ਸੀ।"[5]

ਸਪੱਸ਼ਟੀਕਰਣ ਭਾਵੇਂ ਕੁੱਝ ਵੀ ਹੋਵੇ, ਇੱਕ ਸੱਚਾਈ ਨਿਸ਼ਚਤ ਹੈ: ਕਿ ਜੋ ਮੂਸਾ ਨੇ ਕੀਤਾ ਸੀ ਪਰਮੇਸ਼ੁਰ ਉਸ ਤੋਂ ਪ੍ਰਸੰਨ ਸੀ।





ਡੇਹਰੇ ਅਤੇ ਹਾਤੇ ਦਾ ਪ੍ਰਤਿਰੂਪ (ਤਿਮਨਾ ਪਾਰਕ, ਇਸਰਾਈਲ)

## ਡੇਹਰੇ ਦੇ ਤੰਬੂ ਵਿਚ ਯਹੋਵਾਹ ਦਾ ਵਾਸ (40:34-38)

**34ਤਦ ਬੱਦਲ ਮੰਡਲੀ ਦੇ ਤੰਬੂ ਉੱਤੇ ਛਾ ਗਿਆ ਅਤੇ ਯਹੋਵਾਹ ਦੇ ਪਰਤਾਪ ਨੇ ਡੇਹਰੇ ਨੂੰ
ਭਰ ਦਿੱਤਾ। 35ਤਾਂ ਮੂਸਾ ਮੰਡਲੀ ਦੇ ਤੰਬੂ ਵਿੱਚ ਵੜ ਨਾ ਸੱਕਿਆ ਕਿਉਂ ਜੋ ਬੱਦਲ ਉਸ ਉੱਤੇ
ਛਾਇਆ ਹੋਇਆ ਸੀ ਅਤੇ ਯਹੋਵਾਹ ਦੇ ਪਰਤਾਪ ਨੇ ਡੇਹਰੇ ਭਰ ਦਿੱਤਾ। 36ਜਦ ਬੱਦਲ ਡੇਹਰੇ ਦੇ
ਉੱਤੋਂ ਚੁੱਕਿਆ ਜਾਂਦਾ ਸੀ ਤਦ ਇਸਰਾਏਲੀ ਆਪਣੇ ਸਾਰੇ ਸਫ਼ਰ ਵਿੱਚ ਅੱਗੇ ਚੱਲਦੇ ਸਨ। 37ਪਰ
ਜਦ ਬੱਦਲ ਨਾ ਚੁੱਕ ਹੁੰਦਾ ਸੀ ਤਾਂ ਓਹ ਨਹੀਂ ਚੱਲਦੇ ਸਨ ਜਦ ਤੀਕ ਬੱਦਲ ਚੁੱਕਿਆ ਨਾ ਜਾਵੇ।
38ਕਿਉਂ ਕਿ ਦਿਨ ਨੂੰ ਯਹੋਵਾਹ ਦਾ ਬੱਦਲ ਡੇਹਰੇ ਉੱਤੇ ਹੁੰਦਾ ਸੀ ਅਤੇ ਰਾਤ ਉਸ ਵਿੱ ਅੱਗ ਹੁੰਦੀ
ਸੀ। ਇਸਰਾਏਲ ਦੇ ਸਾਰੇ ਘਰਾਣੇ ਦੀ ਨਿਗਾਹ ਵਿੱਚ ਉਨ੍ਹਾਂ ਦੇ ਸਾਰੇ ਸਫ਼ਰ ਵਿੱਚ ਐਉਂ ਹੀ ਹੁੰਦਾ
ਰਿਹਾ।**

**ਆਇਤਾਂ 34, 35.** ਕੂਚ ਇਨ੍ਹਾਂ ਆਇਤਾਂ ਦੇ ਨਾਲ ਆਪਣੇ ਸਿਖਰ ਤੇ ਪਹੁੰਚਦਾ ਹੈ। ਇਸਰਾਏਲ ਦੇ ਨਾਲ ਪਰਮੇਸ਼ੁਰ ਦਾ ਦਯਾਪੂਰਣ ਵਿਹਾਰ ਉਸ ਸਮੇਂ ਆਪਣੇ ਸਿਖਰ ਤੇ ਪਹੁੰਚ ਜਾਂਦਾ ਹੈ ਜਦੋਂ ਪਰਮੇਸ਼ੁਰ **ਡੇਹਰੇ** ਵਿਚ ਆਪਣੇ ਲੋਕਾਂ ਦੇ ਵਿਚਕਾਰ ਰਹਿਣ ਦੇ ਲਈ ਉੱਤਰ ਆਇਆ ਜੋ ਉਨ੍ਹਾਂ ਨੇ ਉਸ ਦੇ ਲਈ ਬਣਾਇਆ ਸੀ। ਇਸ ਹਵਾਲੇ ਦੇ ਵਿਸ਼ੇ ਵਿਚ ਕੈਸੂਟੋ ਦੀ ਟਿੱਪਣੀ ਧਿਆਨ ਦੇਣ ਯੋਗ ਹੈ:

> ਇਹ ਆਇਤਾਂ, ਜੋ ਇੱਕ ਉੱਚ ਕਾਵਿਕ ਸ਼ਾਲੀ ਵਿਚ ਪੇਸ਼ ਕੀਤੀਆਂ ਗਈਆਂ ਹਨ, ਰੱਬੀ ਮਹਿਮਾ ਦਾ ਪ੍ਰਗਟਾਵਾ ਕਰਦੀਆਂ ਹਨ। ਜਿਸ ਨੂੰ ਸੀਨਈ ਪਹਾੜ ਤੇ ਪਰਮੇਸ਼ੁਰ ਦੀ ਮੌਜੂਦਗੀ ਨੂੰ ਚਿਤਰਿਤ ਕਰਨ ਦੇ ਲਈ ਅਧਿਆਇ [24] ਦੇ ਅੰਤ ਵਰਤਿਆ ਗਿਆ ਹੈ। ਡੇਹਰਾ ਇੱਕ

> ਛੋਟਾ ਸੀਨਈ ਪਹਾੜ ਹੈ ਜਿਸ ਨੂੰ ਇੱਕ ਸਥਾਨ ਤੋਂ ਦੂਸਰੇ ਸਥਾਨ ਤੇ ਲਿਜਾਇਆ ਜਾ ਸਕਦਾ ਹੈ ਤਾਂ ਕਿ ਉਹ ਇਸਰਾਏਲ ਦੇ ਭਟਕਣ ਦੇ ਸਮੇਂ ਉਨ੍ਹਾਂ ਦੇ ਨਾਲ ਜਾ ਸਕੇ ਅਤੇ ਉਨ੍ਹਾਂ ਦੀ ਯਾਤਰਾ ਵਿਚ ਰੱਬ ਦੀ ਹਜ਼ੂਰੀ ਦੇ ਇੱਕ ਵਿਸ਼ੇਸ਼ ਟੋਕਨ ਦੇ ਰੂਪ ਵਿਚ ਸੇਵਾ ਕਰੇ।[6]

ਪਰਮੇਸ਼ੁਰ ਦਾ ਉਤਰਨਾ ਅਤੇ ਉਸ ਦੀ ਮਹਿਮਾ ਦਾ ਪ੍ਰਗਟਾਵਾ ਘੱਟੋ ਘੱਟ ਤਿੰਨਾਂ ਚੀਜ਼ਾਂ ਨੂੰ ਪੂਰਾ ਕਰਨਾ ਸੀ। (1) ਇਹ ਡੇਹਰੇ ਦੇ ਕੰਮ ਦੇ ਪੂਰੇ ਹੋ ਜਾਣ ਤੇ ਪਰਮੇਸ਼ੁਰ ਦੀ ਪ੍ਰਵਾਨਗੀ ਨੂੰ ਦਰਸਾਉਂਦਾ ਹੈ। (2) ਇਹ ਇਸ ਗੱਲ ਦਾ ਪ੍ਰਤੀਕ ਸੀ ਕਿ ਪਰਮੇਸ਼ੁਰ ਆਪਣੇ ਲੋਕਾਂ ਦੇ ਵਿਚਕਾਰ ਸੀ ਅਤੇ ਉਨ੍ਹਾਂ ਦੀ ਮਦਦ ਅਤੇ ਮਾਰਗਦਰਸ਼ਣ ਕਰਨ ਦੇ ਲਈ ਹਮੇਸ਼ਾ ਉਨ੍ਹਾਂ ਦੇ ਨਾਲ ਰਹਿਣਗੇ (ਵੇਖੋ 40:36-38)। (3) ਇਸ ਨੇ ਡੇਹਰੇ ਦੀ ਅਤੇ ਉਸ ਦੇ ਨਾਲ ਜੁੜੀ ਹਰ ਚੀਜ਼ ਦੀ ਪਵਿੱਤਰਤਾ ਤੇ ਜ਼ੋਰ ਦਿੱਤਾ ਹੈ। ਕਿਉਂਕਿ ਪਰਮੇਸ਼ੁਰ ਉੱਥੇ ਸੀ, ਇਸ ਲਈ ਡੇਹਰੇ ਅਤੇ ਇਸ ਦਾ ਸਮਾਨ ਪਵਿੱਤਰ ਸਨ ਅਤੇ ਇਨ੍ਹਾਂ ਨੂੰ ਹਲਕੇ ਭਾਵ ਦੇ ਨਾਲ ਨਹੀਂ ਲਿਆ ਜਾਣਾ ਚਾਹੀਦਾ ਸੀ। ਪਰਮੇਸ਼ੁਰ ਦੀ ਹਜ਼ੂਰੀ ਇੰਨੀ ਪਵਿੱਤਰ ਸੀ ਕਿ **ਮੂਸਾ** ਵੀ **ਯਹੋਵਾਹ ਦੇ ਪਰਤਾਪ** ਦੇ ਕਾਰਣ ਡੇਹਰੇ ਵਿਚ ਪ੍ਰਵੇਸ਼ ਨਾ ਕਰ ਸਕਿਆ।

ਮੂਸਾ ਦੀ ਡੇਹਰੇ ਵਿਚ ਵੜ ਸਕਣ ਦੀ ਅਯੋਗਤਾ ਸਿਰਫ ਥੋੜੇ ਸਮੇਂ ਦੇ ਲਈ ਸੀ। ਜੋਨ ਆਈ. ਡਰਹਮ ਨੇ ਲਿਖਿਆ,

> ਜਿਵੇਂ ਕਿ ਸੀਨਈ ਤੇ ਪਹੁੰਚਣ ਦੇ ਸਮੇਂ ਬੱਦਲ ਦੇ ਛਾ ਜਾਣ ਅਤੇ ਮਹਿਮਾ ਦੇ ਠਹਿਰਣ ਤੋਂ ਬਾਅਦ (24:15-18), ਮੂਸਾ ਨੂੰ ਹਜ਼ੂਰੀ ਵਿਚ ਨੇੜੇ ਆਉਣ ਤੋਂ ਪਹਿਲਾਂ ਯਹੋਵਾਹ ਦੇ ਸੱਦੇ ਦਾ ਇੰਤਜ਼ਾਰ ਕਰਨਾ ਪੈਂਦਾ ਸੀ। ਕੂਚ 24 ਦੇ ਬਿਰਤਾਂਤ ਵਿਚ ਆਇਤ 17 ਵਿਚ ਸੱਦਾ ਦਿੱਤਾ ਗਿਆ ਹੈ; ਇੱਥੇ, ਇਹ ਸੱਦਾ ਬਿਰਤਾਂਤ ਵਿਚ ਹੋਰ ਅੱਗੇ ਆਉਂਦਾ ਹੈ, ਸ਼ਾਇਦ ਜਿਵੇਂ ਕੈਸੂਟੋ (484) ਸੁਝਾਉ ਦਿੰਦਾ ਹੈ, ਲੇਵੀਆਂ 1:1 ਵਿਚ। ਇੱਕ ਹੋਰ ਸੰਭਾਵਨਾ ਇਹ ਹੈ ਕਿ ਇਸਰਾਏਲ ਨੂੰ ਬਰਕਤ ਦੇਣ ਤੋਂ ਬਾਅਦ, ਹਾਰੂਨ ਦੀ ਪਹਿਲੀ ਪਾਪ ਦੀ ਭੇਟ ਅਤੇ ਪਰਾਸਚਿਤ ਦੀ ਭੇਟ ਚੜ੍ਹਾਉਣ ਤੋਂ ਬਾਅਦ: "ਅਤੇ ਫਿਰ ਮੂਸਾ ਅਤੇ ਹਾਰੂਨ ਮੰਡਲੀ ਦੇ ਡੇਰੇ ਵਿਚ ਗਏ" (ਲੇਵੀਆਂ 9:23)।[7]

ਪੁਰਾਣੇ ਨੇਮ ਵਿਚ ਪਰਮੇਸ਼ੁਰ ਨੇ ਕਈ ਵਾਰ ਆਪਣੇ ਆਪ ਨੂੰ ਇੱਕ **ਬੱਦਲ** ਦੇ ਰੂਪ ਵਿਚ ਖੁਦ ਨੂੰ ਪਰਗਟ ਕੀਤਾ ਹੈ। ਸੀਨਈ ਪਹਾੜ ਤੇ, ਉਸ ਨੇ ਮੂਸਾ ਨੂੰ ਕਿਹਾ, "ਵੇਖ ਮੈਂ ਤੇਰੇ ਕੋਲ ਬੱਦਲ ਦੇ ਓਹਲੇ ਵਿੱਚ ਆਉਂਦਾ ਹਾਂ ਤਾਂ ਜੋ ਪਰਜਾ ਗੱਲਾਂ ਸੁਣੇ ਜਿਹੜੀਆਂ ਮੈਂ ਤੇਰੇ ਨਾਲ ਕਰਾਂ" (19:9)। ਉਸ ਤੋਂ ਬਾਅਦ ਤੀਸਰੇ ਦਿਨ, ਉੱਥੇ "ਇੱਕ ਕਾਲਾ ਬੱਦਲ ਪਹਾੜ ਦੇ ਉੱਤੇ" ਸੀ (19:16) ਜਿਸ ਵਿਚੋਂ ਪਰਮੇਸ਼ੁਰ ਬੋਲਿਆ। ਜਦੋਂ ਮੂਸਾ ਮੰਡਲੀ ਦੇ ਤੰਬੂ ਦੇ ਵਿਚ ਆਇਆ ਕਿ ਪਰਮੇਸ਼ੁਰ ਦੇ ਕੋਲੋਂ ਪ੍ਰਕਾਸ਼ਣਾਂ ਨੂੰ ਪ੍ਰਾਪਤ ਕਰੇ, ਤਾਂ ਪਰਮੇਸ਼ੁਰ ਨੇ ਇੱਕ ਬੱਦਲ ਦੇ ਵਿਚ ਆਪਣਾ ਹਜ਼ੂਰੀ ਨੂੰ ਪਰਗਟ ਕੀਤਾ (33:9)। ਡੇਹਰੇ ਦੇ ਸੰਪੂਰਣ ਹੋ ਜਾਣ ਤੋਂ ਬਾਅਦ, ਪ੍ਰਭੂ ਨੇ ਦਿਨ ਦੇ ਸਮੇਂ ਇੱਕ ਬੱਦਲ ਦੇ ਰੂਪ ਵਿਚ ਅਤੇ ਰਾਤ ਦੇ ਸਮੇਂ ਇੱਕ ਅੱਗ ਦੇ ਥੰਮ੍ਹ ਦੇ ਰੂਪ ਵਿਚ ਆਪਣੀ ਹਜ਼ੂਰੀ ਤੋਂ ਜਾਣੂ ਕਰਵਾਉਣਾ ਜਾਰੀ ਰੱਖਿਆ (40:36-38)। ਬਹੁਤ ਸਮੇਂ ਬਾਅਦ, ਜਦੋਂ ਹੈਕਲ ਸੰਪੂਰਣ ਹੋ ਗਈ ਸੀ, ਪਰਮੇਸ਼ੁਰ ਨੇ ਇੱਕ ਬੱਦਲ ਦੇ ਰੂਪ ਵਿਚ ਆਪਣੀ ਹਜ਼ੂਰੀ ਤੋਂ ਜਾਣੂ ਕਰਵਾਇਆ ਜਿਸ ਨੇ "ਯਹੋਵਾਹ ਦੇ ਭਵਨ ਨੂੰ ਐਉਂ ਭਰ ਦਿੱਤਾ" (1 ਰਾਜਿਆਂ 8:10, 11)। ਪਰਮੇਸ਼ੁਰ ਨੂੰ ਉਸ ਦੇ ਰੂਪ ਵਿਚ ਨਹੀਂ ਵੇਖਿਆ ਜਾ ਸਕਦਾ ਹੈ, ਪਰ ਉਸ ਨੇ ਆਪਣੀ ਨਿਰੰਤਰ ਹਜ਼ੂਰੀ ਨੂੰ ਕਿਸੇ ਅਜਿਹੀ ਚੀਜ਼ ਦੇ ਦੁਆਰਾ ਪਰਗਟ ਕੀਤਾ ਜਿਸ ਨੂੰ ਵੇਖਿਆ ਜਾ ਸਕਦਾ ਸੀ - ਇੱਕ ਬੱਦਲ ਦੇ ਰੂਪ ਵਿਚ।

**ਆਇਤਾਂ 36-38.** ਕੂਚ ਦੀ ਕਿਤਾਬ ਇੱਕ ਆਸ਼ਾਵਾਦੀ, ਅਗਾਂਹਵਧੂ ਨੋਟ ਨਾਲ ਸਮਾਪਤ ਹੁੰਦੀ ਹੈ। ਪਰਮੇਸ਼ੁਰ ਦਾ ਇਹ ਵਾਇਦਾ ਹੈ ਕਿ ਉਹ "ਮੈਂ ਇਸਰਾਏਲ ਦੇ ਵਿਚਕਾਰ ਵੱਸਾਂਗਾ ਅਤੇ

ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ" (29:45) ਪੂਰਾ ਹੋ ਗਿਆ ਸੀ। ਕੋਲ ਨੇ ਸਮਝਾਇਆ ਕਿ, "ਪਰਮੇਸ਼ੁਰ ਦੀ ਹਜ਼ੂਰੀ ਦਾ ਧਰਮ-ਸ਼ਾਸਤਰ ਉਸ ਦੀ ਹਜ਼ੂਰੀ ਦਾ ਤੱਥ ਬਣ ਗਿਆ ਸੀ।"[8]

ਪਰ, ਇਸਰਾਏਲ ਦੀ ਕਹਾਣੀ ਸਮਾਪਤ ਨਹੀਂ ਹੋਈ ਸੀ; ਇਹ ਸਿਰਫ ਸ਼ੁਰੂਆਤ ਸੀ। ਲੋਕ ਵਾਇਦਾ ਕੀਤੇ ਦੇਸ ਦੇ ਰਾਹ ਤੇ ਸਨ। ਇਹ ਹਵਾਲਾ ਜ਼ੋਰ ਦਿੰਦਾ ਹੈ ਕਿ ਇਸਰਾਏਲ ਦਾ ਇਤਹਾਸ ਜਾਰੀ ਰਹੇਗਾ ਅਤੇ ਉਹ ਆਪਣੇ ਨਿਸ਼ਾਨੇ ਤੇ ਪਹੁੰਚਣਗੇ। ਉਸ ਸਮੇਂ ਦੇ ਦੌਰਾਨ, **ਸਾਰੇ ਸਫ਼ਰ ਵਿਚ**, ਪਰਮੇਸ਼ੁਰ ਦੀ ਹਜ਼ੂਰੀ ਆਪਣੇ ਲੋਕਾਂ ਦੇ ਨਾਲ ਰਹੇਗੀ। ਉਨ੍ਹਾਂ ਦੀ ਅਗਵਾਈ ਕਰਨ ਦੇ ਲਈ ਉੱਥੇ **ਬੱਦਲ** ਅਤੇ **ਅੱਗ** ਹੋਣਗੇ। ਜਿਸ ਪ੍ਰਕਾਰ **ਇਸਰਾਏਲੀ** ਲੋਕਾਂ ਨੇ ਡੇਹਰੇ ਦੇ ਨਿਰਮਾਣ ਵਿਚ ਪਰਮੇਸ਼ੁਰ ਦਿਆਂ ਨਿਰਦੇਸ਼ਾਂ ਦਾ ਪਾਲਣ ਕੀਤਾ ਸੀ, ਉਸੇ ਤਰ੍ਹਾਂ ਯਾਤਰਾ ਦੇ ਦੌਰਾਨ ਉਨ੍ਹਾਂ ਨੇ ਪਰਮੇਸ਼ੁਰ ਦੇ ਮਾਰਗ ਦਰਸ਼ਣ ਦਾ ਪਾਲਣ ਕੀਤਾ, ਬੱਦਲ ਦੀ ਗਤੀ ਦੇ ਅਨੁਸਾਰ ਇਹ ਨਿਰਧਾਰਤ ਕਰਦੇ ਹੋਏ ਉਹ **ਅੱਗੇ ਚੱਲਦੇ** ਜਾਂ ਡੇਰੇ ਵਿਚ ਰੁੱਕਦੇ ਸਨ। ਜਿਵੇਂ **ਇਸਰਾਏਲ ਦੇ ਸਾਰੇ ਘਰਾਣੇ** ਭਵਿੱਖ ਦੀ ਉਡੀਕ ਕਰਦੇ ਸਨ, ਉਹ ਉਮੀਦ ਕਰ ਸਕਦੇ ਸਨ ਕਿ **ਯਹੋਵਾਹ ਦਾ ਬੱਦਲ** ਨਿਰੰਤਰ ਉਸ ਦੀ ਮੌਜੂਦਗੀ, ਉਸ ਦੀ ਸੇਧ ਅਤੇ ਸੁਰੱਖਿਆ ਨੂੰ ਦਰਸਾਉਂਦਾ ਰਹੇਗਾ।

| | ਡੇਹਰੇ ਦਾ ਨਿਰਮਾਣ | |
|---|---|---|
| ਕੂਚ 25-31<br>ਕਿਸ ਦੀ ਲੋੜ ਸੀ | | ਕੂਚ 35-40<br>ਕੀ ਕੀਤਾ ਗਿਆ ਸੀ |
| 25:1-9 | ਡੇਹਰੇ ਦੇ ਲਈ ਦਾਨ | 35:4-9, 20-29; 36:3-7 |
| 25:10-22 | ਨੇਮ ਦਾ ਸੰਦੂਕ | 37:1-9 |
| 25:23-30 | ਹਜ਼ੂਰੀ ਦੀ ਰੋਟੀ ਦਾ ਸੰਦੂਕ | 37:10-16 |
| 25:31-40 | ਸੋਨੇ ਦਾ ਸ਼ਮਾਦਾਨ | 37:17-24 |
| 26:1-37 | ਪਰਦੇ, ਬੀੜੇ, ਫੱਟੇ, ਚੀਥੀਆਂ, ਪੜਦੇ, ਓਟ | 36:8-38 |
| 27:1-8 | ਹੋਮ ਬਲੀ ਲਈ ਪਿੱਤਲ ਦੀ ਜਗਵੇਦੀ | 38:1-7 |
| 27:9-19 | ਡੇਹਰੇ ਦਾ ਹਾਤਾ | 38:9-20 |
| 27:20, 21 | ਸ਼ਮਾਦਾਨ ਦਾ ਤੇਲ | [39:37] |
| 28:1-43 | ਜਾਜਕਾਈ ਬਸਤ੍ਰ | 39:1-31 |
| 29:1-46 | ਜਾਜਕਾਂ ਦਾ ਪਵਿੱਤਰ ਕੀਤਾ ਜਾਣਾ ਅਤੇ ਚੜ੍ਹਾਵੇ | |
| 30:1-10 | ਧੂਪ ਦੀ ਜਗਵੇਦੀ | 37:25-28 |
| 30:11-16 | ਡੇਹਰੇ ਦੇ ਲਈ ਪਰਾਸਚਿਤ ਦਾ ਧਨ | 38:24-31 |
| 30:17-21 | ਪਿੱਤਲ ਦਾ ਹੌਦ | 38:8 |
| 30:22-38 | ਮਸਹ ਦਾ ਤੇਲ ਅਤੇ ਧੂਪ | 37:29 |
| 31:1-11 | ਬਣਾਉਣ ਵਾਲੇ | 35:10-19, 30-35;<br>36:1, 2; 38:21-23 |
| 31:12-17 | ਸਬਤ ਨੂੰ ਮੰਨਣਾ | |
| | ਡੇਹਰੇ ਨੂੰ ਪੂਰਾ ਕਰਨਾ ਅਤੇ ਸਥਾਪਤ ਕਰਨਾ। ਪ੍ਰਭੂ ਉਸ ਵਿਚ ਪ੍ਰਵੇਸ਼ ਕਰਦੇ ਹਨ। | 39:32-43; 40:1-38 |

# ਪ੍ਰਾਸੰਗਿਕਤਾ

**ਪਰਮੇਸ਼ੁਰ ਦੀ ਹਜ਼ੂਰੀ (ਅਧਿਆਇ 40)**

ਕੂਚ ਇੱਕ ਚਰਮ ਨੋਟ ਤੇ ਖਤਮ ਹੁੰਦਾ ਹੈ। ਇਸਰਾਏਲੀਆਂ ਨੇ ਡੇਹਰੇ ਨੂੰ ਬਣਾਇਆ। ਉਨ੍ਹਾਂ ਨੇ ਇਸ ਨੂੰ ਸਥਾਪਤ ਕੀਤਾ ਅਤੇ ਇਸ ਨੂੰ ਸਮਰਪਿਤ ਕਰਨ ਦੇ ਲਈ ਤਿਆਰ ਕੀਤਾ। ਫਿਰ ਸਿਖਰ ਆਇਆ: ਪਰਮੇਸ਼ੁਰ ਦੀ ਹਜ਼ੂਰੀ ਨੇ ਡੇਹਰੇ ਨੂੰ ਭਰ ਦਿੱਤਾ। ਇਸ ਤਰੀਕੇ ਦੇ ਨਾਲ, ਉਸ ਨੇ ਆਪਣੀ ਨਿਰੰਤਰ ਹਜ਼ੂਰੀ, ਸੁਰੱਖਿਆ, ਅਤੇ ਮਾਰਗ ਦਰਸ਼ਣ ਦਾ ਯਕੀਨ ਦਿਵਾਇਆ।

*ਉਸ ਦੀ ਹਜ਼ੂਰੀ ਦੀ ਵਿਸ਼ੇਸ਼ਤਾ।* ਸੰਪੂਰਣ ਪਵਿੱਤਰ ਬਾਈਬਲ ਵਿਚ ਪਰਮੇਸ਼ੁਰ ਦੀ ਹਜ਼ੂਰੀ ਤੇ ਜ਼ੋਰ ਦਿੱਤਾ ਗਿਆ ਹੈ।

*ਕੂਚ ਵਿਚ।* ਕੂਚ ਵਿਚ ਪਰਮੇਸ਼ੁਰ ਦੀ ਹਜ਼ੂਰੀ ਦਾ ਵਿਚਾਰ ਇੱਕ ਪ੍ਰਮੁੱਖ ਵਿਸ਼ਾ ਹੈ। ਜਦੋਂ ਪਰਮੇਸ਼ੁਰ ਨੇ ਮੂਸਾ ਨੂੰ ਬੁਲਾਇਆ, ਤਾਂ ਉਸ ਨੇ ਕਿਹਾ, "ਮੈਂ ਉੱਤਰਿਆ ਹਾਂ ਤਾਂ ਜੋ ਉਨ੍ਹਾਂ ਨੂੰ [ਇਸਰਾਏਲੀਆਂ] ਮਿਸਰੀਆਂ ਦੇ ਹੱਥੋਂ ਛੁਡਾਵਾਂ" (3:7, 8)। ਜਦੋਂ ਇਸਰਾਏਲੀਆਂ ਨੇ ਮਿਸਰ ਨੂੰ ਛੱਡਿਆ, "ਯਹੋਵਾਹ ਉਨ੍ਹਾਂ ਨੂੰ ਰਾਹ ਦੱਸਣ ਲਈ ਦਿਨ ਨੂੰ ਬੱਦਲ ਦੇ ਥੰਮ੍ਹ ਵਿੱਚ ਅਤੇ ਰਾਤੀਂ ਉਨ੍ਹਾਂ ਨੂੰ ਚਾਨਣਾ ਦੇਣ ਲਈ ਅੱਗ ਦੇ ਥੰਮ੍ਹ ਵਿੱਚ ਉਨ੍ਹਾਂ ਦੇ ਅੱਗੇ ਅੱਗੇ ਤੁਰਦਾ ਸੀ" (13:21, 22; ਵੇਖੋ 14:19, 20)। ਇਸਰਾਏਲੀਆਂ ਨੂੰ ਕਿਹਾ ਗਿਆ ਸੀ ਕਿ ਉਹ ਡੇਹਰਾ ਬਣਾਉਣ ਤਾਂ ਕਿ ਪਰਮੇਸ਼ੁਰ "ਉਨ੍ਹਾਂ ਦੇ ਵਿਚਕਾਰ ਵੱਸੇ" (25:8)। ਪਰਮੇਸ਼ੁਰ ਨੇ ਕਿਹਾ, "ਮੈਂ ਇਸਰਾਏਲ ਦੇ ਵਿਚਕਾਰ ਵੱਸਾਂਗਾ ਅਤੇ ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ। ਤਾਂ ਓਹ ਜਾਣਨਗੇ ਕਿ ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ" (29:45, 46)। ਡੇਹਰਾ ਪਰਮੇਸ਼ੁਰ ਦੀ ਹਜ਼ੂਰੀ ਨੂੰ ਦਰਸਾਉਂਦਾ ਹੈ, ਖਾਸ ਤੌਰ ਤੇ ਅੱਤ ਪਵਿੱਤਰ ਸਥਾਨ, ਜਿੱਥੇ ਪਰਮੇਸ਼ੁਰ ਲੋਕਾਂ ਨਾਲ ਮੁਲਾਕਾਤ ਕਰਦਾ ਸੀ। ਇਸਰਾਏਲ ਦੇ ਪਾਪ ਤੋਂ ਬਾਅਦ, ਪਰਮੇਸ਼ੁਰ ਨੇ ਲੋਕਾਂ ਨੂੰ ਧਮਕੀ ਦਿੱਤੀ ਕਿ ਉਹ ਆਪਣੀ ਹਜ਼ੂਰੀ ਨੂੰ ਲੋਕਾਂ ਤੋਂ ਹਟਾ ਲਵੇਗਾ (33:3); ਪਰ ਆਖਿਰਕਾਰ ਉਹ ਨਿਰੰਤਰ ਉਨ੍ਹਾਂ ਦੇ ਨਾਮ ਵੱਸਣ ਦੇ ਲਈ ਸਹਿਮਤ ਹੋ ਗਿਆ (33:14)।

ਇਹ ਸਾਰੇ ਹਵਾਲੇ ਦੱਸਦੇ ਹਨ ਕਿ ਇਸਰਾਏਲ ਦੇ ਧਰਮ ਦਾ ਸਭ ਤੋਂ ਮਹੱਤਵਪੂਰਣ ਪਹਿਲੂ ਨਿਯਮਾਂ ਦੀ ਸੂਚੀ ਨਹੀਂ ਸੀ, ਪਰ ਪਰਮੇਸ਼ੁਰ ਦੀ ਹਜ਼ੂਰੀ ਸੀ। ਪਰਮੇਸ਼ੁਰ ਤੇ ਵਿਸ਼ਵਾਸ ਕਰਨਾ ਜ਼ਰੂਰੀ ਸੀ, ਅਤੇ ਪਰਮੇਸ਼ੁਰ ਦੀ ਆਗਿਆਕਾਰੀ ਲਾਜ਼ਮੀ ਸੀ। ਪਰ, ਇਹ ਸਿਰਫ ਅੰਤ ਦੇ ਸਾਧਨ ਸਨ: ਉਹ ਅੰਤ - ਉਦੇਸ਼ ਦੀ ਮੰਗ - ਪਰਮੇਸ਼ੁਰ ਦੀ ਹਜ਼ੂਰੀ ਸੀ!

*ਪੁਰਾਣੇ ਨੇਮ ਦਾ ਬਾਕੀ ਹਿੱਸਾ,* ਪਰਮੇਸ਼ੁਰ ਦੀ ਹਜ਼ੂਰੀ ਨਿਰੰਤਰ ਮਹੱਤਵਪੂਰਣ ਬਣੀ ਹੋਈ ਹੈ। ਜ਼ਬੂਰ ਅਕਸਰ ਪਰਮੇਸ਼ੁਰ ਦੀ ਹਜ਼ੂਰੀ ਦਾ ਵਰਣਨ ਕਰਦੇ ਹਨ: "ਤੇਰੇ ਹਜ਼ੂਰ ਅਨੰਦ ਦੀ ਭਰਪੂਰੀ ਹੈ" (16:11); "ਮੈਨੂੰ ਆਪਣੇ ਹਜ਼ੂਰੋਂ ਨਾ ਧੱਕ" (51:11); "ਧੰਨਵਾਦ ਕਰਦਿਆਂ ਉਹ ਦੇ ਹਜ਼ੂਰ ਵਿੱਚ, ਉਹ ਦੇ ਲਈ ਭਜਨਾਂ ਦੇ ਨਾਰੇ ਮਾਰਦਿਆਂ ਚੱਲੀਏ" (95:2); "ਧਰਮੀ ਤੇਰੇ ਨਾਮ ਦਾ ਧੰਨਵਾਦ ਸੱਚ ਮੁੱਚ ਕਰਨਗੇ" (140:13)।

*ਨਵੇਂ ਨੇਮ ਵਿਚ,* ਮਸੀਹ ਪਰਮੇਸ਼ੁਰ ਦੇ ਪਰਗਟਾਵੇ ਵਜੋਂ ਸੰਸਾਰ ਵਿਚ ਆਇਆ। ਉਹ ਇੰਮਾਨੂਏਲ ਸੀ, "ਪਰਮੇਸ਼ੁਰ ਸਾਡੇ ਸੰਗ" (ਯਸਾਯਾਹ 7:14; ਮੱਤੀ 1:23)। ਉਹ ਲੋਕਾਂ ਦੇ ਵਿਚਕਾਰ ਰਹਿੰਦਾ ਸੀ, ਅਤੇ ਮਸੀਹ ਦੀ ਹਜ਼ੂਰੀ ਵਿਚ ਇੱਕ ਮਨੁੱਖ ਪਰਮੇਸ਼ੁਰ ਦੀ ਹਜ਼ੂਰੀ ਵਿਚ ਹੁੰਦਾ ਸੀ (ਯੂਹੰਨਾ 14:8-10)। ਯਿਸੂ ਨ ਇੱਕ ਹੋਰ ਸਹਾਇਕ ਦਾ ਵਾਇਦਾ ਕੀਤਾ, ਅਰਥਾਤ ਪਵਿੱਤਰ ਆਤਮਾ ਦਾ (ਯੂਹੰਨਾ 14:16)। ਜਿਉਂ ਹੀ ਉਸ ਨੇ ਆਪਣੇ ਧਰਤੀ ਦੀ ਸੇਵਕਾਈ ਨੂੰ ਪੂਰਾ ਕੀਤਾ, ਤਾਂ ਮਸੀਹ ਨੇ ਕਿਹਾ, "ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ" (ਮੱਤੀ 28:20)।

ਦਰਅਸਲ, ਨਵੇਂ ਨੇਮ ਵਿਚ ਇਹ ਪੁਸ਼ਟੀ ਕੀਤੀ ਗਈ ਹੈ ਕਿ ਇੱਥੋਂ ਤੱਕ ਕਿ ਧਰਤੀ ਤੇ ਰਹਿਣ ਦੇ ਦੌਰਾਨ ਵੀ ਮਸੀਹ ਮਸੀਹੀਆਂ ਦੇ ਵਿਚਕਾਰ ਹਾਜ਼ਰ ਹੁੰਦਾ ਹੈ (ਕੁਲੁੱਸੀਆਂ 1:27)। ਪਰਮੇਸ਼ੁਰ ਸਾਡੇ "ਵਿੱਚ" ਹੈ (ਅਫ਼ਸੀਆਂ 4:6); ਪਵਿੱਤਰ ਆਤਮਾ ਸੰਤਾਂ ਦੇ ਵਿਚਕਾਰ ਵੱਸਦਾ ਹੈ (ਰੋਮੀਆਂ 8:9; ਗਲਾਤੀਆਂ 4:6)। ਮਸੀਹੀ ਦਾ ਸਰੀਰ "ਪਵਿੱਤਰ ਆਤਮਾ ਦੀ ਹੈਕਲ ਹੈ" (1 ਕੁਰਿੰਥੀਆਂ 6:19, 20), ਅਤੇ ਕਲੀਸੀਆ ਉਹ ਹੈਕਲ ਹੈ ਜਿਸ ਵਿਚ ਪਰਮੇਸ਼ੁਰ ਵਾਸ ਕਰਦਾ ਹੈ (ਅਫ਼ਸੀਆਂ 2:19-22)। ਅਖੀਰ ਵਿਚ, ਸਾਰੇ ਜੁੱਗਾਂ ਦੇ ਬਚਾਏ ਹੋਏ ਲੋਕ ਸਵਰਗ ਵਿਚ ਹੋਣਗੇ - ਪਰਮੇਸ਼ੁਰ ਦੀ ਹਜ਼ੂਰੀ ਵਿਚ (ਪਰਕਾਸ਼ ਦੀ ਪੋਥੀ 21:1-4)।

*ਅੱਜ ਲੋਕਾਂ ਦੇ ਲਈ ਉਸ ਦੀ ਹਜ਼ੂਰੀ ਦਾ ਮਹੱਤਵ।* ਇਹ ਸਿੱਖਣ ਤੋਂ ਬਾਅਦ ਕਿ ਇਸਰਾਏਲ ਦੇ ਨਾਲ ਪਰਮੇਸ਼ੁਰ ਦੀ ਹਜ਼ੂਰੀ ਦੇ ਵਿਸ਼ੇ ਵਿਚ ਬਾਈਬਲ ਕੀ ਸਿਖਾਉਂਦੀ ਹੈ, ਅਸੀਂ ਇਹ ਪੁੱਛਣਾ ਚਾਹ ਸਕਦੇ ਹਾਂ ਕਿ, "ਸਾਡੇ ਲਈ ਇਸ ਦਾ ਕੀ ਅਰਥ ਹੈ?" ਘੱਟੋ ਘੱਟ ਦੋ ਤਰੀਕਿਆਂ ਦੇ ਨਾਲ ਅੱਜ ਪਰਮੇਸ਼ੁਰ ਦੀ ਹਜ਼ੂਰੀ ਮਹੱਤਵਪੂਰਣ ਹੈ।

*ਪਹਿਲਾ, ਸਾਡੇ ਦਰਮਿਆਨ ਉਸ ਦੀ ਹਜ਼ੂਰੀ ਇੱਕ ਵਰਤਮਾਨ ਸੱਚਾਈ ਹੈ।* ਇਸਰਾਏਲੀਆਂ ਦੇ ਵਾਂਗ, ਸਾਡੇ ਕੋਲ ਇੱਕ "ਪਵਿੱਤਰ ਸਥਾਨ" ਹੈ ਜਿਸ ਵਿਚ ਪਰਮੇਸ਼ੁਰ ਰਹਿੰਦਾ ਹੈ। ਅਸੀਂ ਉਸ ਦੇ ਵਾਸ ਕਰਨ ਦਾ ਸਥਾਨ ਹਾਂ। (ਪਰਮੇਸ਼ੁਰ ਸਾਡੇ ਵਿਚਕਾਰ ਵੱਸਦਾ ਹੈ, ਭਾਵੇਂ ਅਸੀਂ ਆਪਣੇ ਵਿਅਕਤੀਗਤ ਸਰੀਰ ਨੂੰ ਪਰਮੇਸ਼ੁਰ ਦੇ ਨਿਵਾਸ ਸਥਾਨ ਦੇ ਰੂਪ ਵਿਚ ਮੰਨਦੇ ਹਾਂ ਜਾਂ ਨਿਗਮਿਤ ਸਰੀਰ, ਕਲੀਸੀਆ ਦੇ ਰੂਪ ਵਿਚ।) ਇਹ ਗਿਆਨ ਨੂੰ ਸਾਡੇ ਤੇ ਕਿਵੇਂ ਪ੍ਰਭਾਵ ਪਾਉਣਾ ਚਾਹੀਦਾ ਹੈ?

ਪਰਮੇਸ਼ੁਰ ਦੀ ਹਜ਼ੂਰੀ ਦੇ ਵਿਸ਼ੇ ਵਿਚ ਸਾਡੀ ਨਿਰੰਤਰ ਜਾਗ੍ਰਿਤੀ ਸਾਡੇ ਦੁਆਰਾ ਕੀਤੀ ਜਾਣ ਵਾਲੀ ਹਰ ਚੀਜ਼ ਨੂੰ ਪ੍ਰਭਾਵਿਤ ਕਰਦੀ ਹੈ। ਉਹ ਹਮੇਸ਼ਾ ਸਾਡੇ ਦਿਮਾਗ ਵਿਚ ਹੋਣਾ ਚਾਹੀਦਾ ਹੈ। ਇਹ ਜਾਣਦੇ ਹੋਏ ਕਿ ਉਹ ਸਾਡੇ ਨਾਲ ਹੈ ਸਾਨੂੰ ਆਪਣੀਆਂ ਸਾਰੀਆਂ ਗਤੀਵਿਧੀਆਂ ਨੂੰ ਨਿਯੰਤਰਿਤ ਕਰਨਾ ਚਾਹੀਦਾ ਹੈ। ਇਸ ਦੇ ਕਾਰਣ ਅਸੀਂ ਆਪਣੇ ਆਪ ਨੂੰ ਸ਼ੁਧ ਰੱਖਣਾ ਚਾਹੀਦਾ ਹੈ (1 ਕੁਰਿੰਥੀਆਂ 6:19, 20)। ਜਿਵੇਂ ਇਸਰਾਏਲੀਆਂ ਦੇ ਨਾਲ ਸੀ, ਸਾਡਾ ਧਰਮ ਸਿਰਫ ਨਿਯਮ ਮੰਨਣਾ ਹੀ ਨਹੀਂ ਹੋਣਾ ਚਾਹੀਦਾ ਹੈ। ਇਸ ਦੀ ਬਜਾਇ, ਸਾਡਾ ਮੁੱਖ ਟੀਚਾ ਹਰ ਰੋਜ਼ ਪਰਮੇਸ਼ੁਰ ਦੇ ਨੇੜੇ ਆਉਣਾ ਹੋਣਾ ਚਾਹੀਦਾ ਹੈ। ਪਰਮੇਸ਼ੁਰ ਦੇ ਨਾਲ ਹੋਣਾ ਅਤੇ ਉਸ ਨੂੰ ਆਪਣੇ ਨਾਲ ਰੱਖਣਾ ਸਾਡੇ ਧਰਮ ਦਾ ਕੇਂਦਰ ਬਿੰਦੂ ਹੋਣਾ ਚਾਹੀਦਾ ਹੈ।

*ਦੂਸਰਾ, ਉਸ ਦੀ ਹਜ਼ੂਰੀ ਭਵਿੱਖ ਦੀ ਇੱਕ ਆਸ ਹੈ।* ਅਸੀਂ ਉਸ ਸਮੇਂ ਦਾ ਇੰਤਜ਼ਾਰ ਕਰ ਸਕਦੇ ਹਾਂ ਜਦੋਂ ਅਸੀਂ ਪਰਮੇਸ਼ੁਰ ਨੂੰ "ਜਿਹਾ ਹੈ ਤਿਹਾ ਹੀ" ਵੇਖਾਂਗੇ (1 ਯੂਹੰਨਾ 3:2), ਜਦੋਂ ਸਾਡਾ ਮਾਸ ਸਾਡੇ ਅਤੇ ਸਾਡੇ ਪਿਤਾ ਦੀ ਹਜ਼ੂਰੀ ਦੇ ਵਿਚਕਾਰ ਨਹੀਂ ਹੁੰਦਾ ਹੈ (1 ਕੁਰਿੰਥੀਆਂ 15:50-57)। ਇੱਕ ਦਿਨ, ਵਿਸ਼ਵਾਸ ਦਿੱਖ ਬਣ ਜਾਵੇਗਾ ਅਤੇ ਆਸ ਅਸਲੀਅਲ ਹੋ ਜਾਵੇਗੀ। ਬੇਸ਼ੱਕ, ਹੁਣ ਪਰਮੇਸ਼ੁਰ ਸਾਡੇ ਨਾਲ ਹੈ ਪਰ ਉਸ ਸਮੇਂ ਅਸੀਂ ਉਸ ਦੇ ਨਾਲ ਉਸ ਤਰੀਕੇ ਦੇ ਨਾਲ ਹੋਵਾਂਗੇ ਜਿਸ ਤਰੀਕੇ ਨਾਲ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਸੰਭਵ ਨਹੀਂ ਹੈ। ਆਓ ਅਸੀਂ ਉਸ ਦਿਨ ਦਾ ਇੰਤਜ਼ਾਰ ਕਰੀਏ ਜਦੋਂ ਅਸੀਂ ਪਰਮੇਸ਼ੁਰ ਦੀ ਹਜ਼ੂਰੀ ਨੂੰ ਵੇਖ ਸਕਾਂਗੇ ਅਤੇ ਉਸ ਨੂੰ ਉਸ ਦੇ ਪੂਰੇ ਪਰਤਾਪ ਵਿਚ ਵੇਖਾਂਗੇ।

*ਸਿੱਟਾ।* ਕੁੱਝ ਲੋਕ ਉਸ ਦੀ ਆਰਾਮਦਾਇਕ ਹਜ਼ੂਰੀ ਨੂੰ ਨਹੀਂ ਜਾਣ ਸਕਦੇ ਹਨ। 2 ਥੱਸਲੁਨੀਕੀਆਂ 1:7-9 ਦੇ ਅਨੁਸਾਰ, "ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ ... "ਓਹ ਸਜ਼ਾ ਭੋਗਣਗੇ ਅਰਥਾਤ" ਪ੍ਰਭੂ ਦੇ ਹਜ਼ੂਰੋਂ ਅਤੇ ਉਹ ਦੀ ਸਮੱਰਥਾ ਦੇ ਤੇਜ ਤੋਂ "ਸਦਾ ਦਾ ਵਿਨਾਸ।" ਇਸ ਲਈ, ਉਸ ਦੀ ਹਜ਼ੂਰੀ ਵਿਚ ਹੋਣ ਦੇ ਲਈ, ਤੁਹਾਨੂੰ

ਪਰਮੇਸ਼ੁਰ ਦੇ ਨਾਲ ਸੁਲਾਹ ਕਰਨੀ ਜ਼ਰੂਰੀ ਹੈ। ਉਹ ਤਾਂ ਹੀ ਤੁਹਾਡੇ ਨਾਲ ਰਹੇਗਾ ਜੇਕਰ ਤੁਸੀਂ ਉਸ ਉੱਤੇ ਵਿਸ਼ਵਾਸ ਕਰਨਾ ਅਤੇ ਉਸ ਦੀ ਆਗਿਆਕਾਰੀ ਕਰਨਾ ਚਾਹੋਗੇ।

### "ਮੂਸਾ ਨੇ ਉਸ ਕੰਮ ਨੂੰ ਸੰਪੂਰਨ ਕੀਤਾ" (40:33)

ਇਨ੍ਹਾਂ ਸ਼ਬਦਾਂ ਦੇ ਨਾਲ ਕਿ "ਮੂਸਾ ਨੇ ਉਸ ਕੰਮ ਨੂੰ ਸੰਪੂਰਨ ਕੀਤਾ" ਡੇਹਰੇ ਦੀ ਉਸਾਰੀ ਦੀ ਕਹਾਣੀ ਸਮਾਪਤ ਹੁੰਦੀ ਹੈ। ਉਸ ਮੌਕੇ ਤੇ ਹਾਜ਼ਰ ਲੋਕਾਂ ਦੀਆਂ ਭਾਵਨਾਵਾਂ ਦੀ ਕਲਪਨਾ ਕਰੋ: ਰਾਹਤ, ਖੁਸ਼ੀ, ਅਤੇ ਸੰਤੁਸ਼ਟੀ ਦੀਆਂ ਭਾਵਨਾਵਾਂ ਜੋ ਇੱਕ ਕੰਮ ਦੇ ਚੰਗੀ ਤਰ੍ਹਾਂ ਨਾਲ ਪੂਰੇ ਹੋ ਜਾਣ ਤੋਂ ਆਉਂਦੀਆਂ ਹਨ। ਸ਼ਾਇਦ, ਉਨ੍ਹਾਂ ਨੂੰ ਕੁੱਝ ਅਜਿਹਾ ਮਹਿਸੂਸ ਹੋਇਆ ਹੋਵੇਗਾ ਜੋ ਇੱਕ ਲੇਖਕ ਇੱਕ ਪੁਸਤਕ ਦੇ ਸਮਾਪਤ ਹੋਣ ਤੇ ਮਹਿਸੂਸ ਕਰਦਾ ਹੈ। ਕਲੀਸੀਆ ਦੇ ਮੈਂਬਰ ਇਸ ਭਾਵਨਾ ਨੂੰ ਉਸ ਸਮੇਂ ਮਹਿਸੂਸ ਕਰ ਸਕਦੇ ਹਨ ਜਦੋਂ ਉਹ ਲੰਬੇ ਸਮੇਂ ਤੋਂ ਉਸਾਰੀ ਦੇ ਯੋਜਨਾ ਵਿਚ ਰੁੱਝੇ ਹੋਏ ਹੋਣ ਅਤੇ ਆਖਿਰਕਾਰ ਇਸ ਨੂੰ ਸੰਪੂਰਣ ਹੋਇਆ ਵੇਖਣ। ਕੰਮ ਕਿਵੇਂ ਪੂਰਾ ਹੋਇਆ ਸੀ? ਪਰਮੇਸ਼ੁਰ ਨੇ ਕੰਮ ਨੂੰ ਅਸੀਸ ਦਿੱਤੀ ਤੇ ਇਸ ਨੂੰ ਸੰਭਵ ਕੀਤਾ, ਪਰ ਇਸ ਵਿਚ ਸ਼ਾਮਲ ਲੋਕਾਂ ਨੇ ਲੰਬੇ ਸਮੇਂ ਤੱਕ ਮਿਹਨਤ ਕੀਤੀ; ਉਹ ਡਟੇ ਰਹੇ।

ਇੱਕ ਅਰਥ ਵਿਚ, ਹਰੇਕ ਮਸੀਹੀ, ਇੱਕ ਮਹਾਨ ਨਿਰਮਾਣ ਯੋਜਨਾ ਵਿਚ ਲੱਗਾ ਹੋਇਆ ਹੈ - ਆਪਣੇ ਆਪ ਨੂੰ ਸਵਰਗ ਦੇ ਲਈ ਤਿਆਰ ਕਰਨ ਦੇ ਲਈ, ਪਰਮੇਸ਼ੁਰ ਦੀ ਹਜ਼ੂਰੀ ਦੇ ਲਈ ਤਿਆਰ ਹੋਣ ਦੇ ਲਈ। ਅਸੀਂ ਕਿਵੇਂ ਕਾਮਯਾਬ ਹੋ ਸਕਦੇ ਹਾਂ? ਪਰਮੇਸ਼ੁਰ ਸਾਡੀ ਕਾਮਯਾਬੀ ਨੂੰ ਸੰਭਵ ਬਣਾਉਂਦਾ ਹੈ, ਪਰ ਸਾਨੂੰ ਡਟੇ ਰਹਿਣ ਦੀ ਲੋੜ ਹੈ (ਇਬਰਾਨੀਆਂ 12:1, 2)। ਆਪਣੇ ਕੰਮ ਨੂੰ ਪੂਰਾ ਕਰਨ ਲਈ, ਸਾਨੂੰ ਆਪਣੇ ਪ੍ਰਭੂ ਦੀ ਉਦਾਹਰਣ ਦੇ ਅਨੁਸਾਰ ਚੱਲਣ ਦੀ ਲੋੜ ਹੈ, ਜੋ ਸਲੀਬ ਤੋਂ ਚਿੱਲਾਇਆ, "ਪੂਰਾ ਹੋਇਆ!" (ਯੂਹੰਨਾ 19:30; ਵੇਖੋ 17:4)। ਜਦੋਂ ਅਸੀਂ ਆਪਣਾ ਕੰਮ ਪੂਰਾ ਕਰ ਲਿਆ ਹੈ, ਤਾਂ ਪੌਲੁਸ ਦੇ ਨਾਲ ਇਹ ਕਹਿਣਾ ਕਿੰਨਾ ਸ਼ਾਨਦਾਰ ਹੋਵਗਾ, "ਮੈਂ ਅੱਛੀ ਲੜਾਈ ਲੜ ਚੁੱਕਾ ਹਾਂ, ਮੈਂ ਦੌੜ ਮੁਕਾ ਛੱਡੀ, ਮੈਂ ਨਿਹਚਾ ਦੀ ਸਾਂਭ ਕੀਤੀ ਹੈ। ਹੁਣ ਤੋਂ ਧਰਮ ਦਾ ਮੁਕਟ ਮੇਰੇ ਲਈ ਰੱਖਿਆ ਹੋਇਆ ਹੈ ..." (2 ਤਿਮੋਥਿਉਸ 4:7, 8)! ਇਨ੍ਹਾਂ ਸ਼ਬਦਾਂ ਨਾਲ ਕਿੰਨਾ ਵਧੀਆ ਸਵਾਗਤ ਕੀਤਾ ਜਾਵੇਗਾ "ਹੇ ਚੰਗੇ ਤੇ ਮਾਤਬਰ ਚਾਕਰ ਸ਼ਾਬਾਸ਼ੇ" (ਮੱਤੀ 25:21)! ਉਹ ਪਰਮੇਸ਼ੁਰ ਦੀ ਹਜ਼ੂਰੀ ਵਿਚ ਪ੍ਰਵੇਸ਼ ਕਰਨਗੇ (ਫਿਲਿੱਪੀਆਂ 1:23; ਪਰਕਾਸ਼ ਦੀ ਪੋਥੀ 21:3, 4), ਠੀਕ ਉਸੇ ਤਰ੍ਹਾਂ ਜਿਵੇਂ ਪਰਮੇਸ਼ੁਰ ਨੇ ਡੇਹਰੇ ਵਿਚ ਪ੍ਰਵੇਸ਼ ਕੀਤਾ ਜਦੋਂ "ਮੂਸਾ ਨੇ ਉਸ ਕੰਮ ਨੂੰ ਸੰਪੂਰਨ ਕੀਤਾ" ਸੀ।

### ਪਰਮੇਸ਼ੁਰ ਦੀ ਮਹਿਮਾ (40:35)

ਡੇਹਰੇ ਦੇ ਸੰਪੂਰਣ ਹੋ ਜਾਣ ਤੋਂ ਬਾਅਦ, ਪਰਮੇਸ਼ੁਰ ਆਇਆ ਅਤੇ ਆਪਣੇ ਲੋਕਾਂ ਦੇ ਵਿਚਕਾਰ ਰਹਿਣ ਲੱਗਾ। ਕੂਚ 40:35 ਨੋਟ ਕਰਦਾ ਹੈ ਕਿ "ਬੱਦਲ ਉਸ ... ਛਾਇਆ ਹੋਇਆ ਸੀ" ਅਤੇ "ਯਹੋਵਾਹ ਦੇ ਪਰਤਾਪ ਨੇ ਡੇਹਰੇ ਨੂੰ ਭਰ ਦਿੱਤਾ।" ਇਬਰਾਨੀ ਸ਼ਬਦ שָׁכַן *(ਸ਼ਕਾਨ)*, ਜਿਸ ਦਾ ਅਨੁਵਾਦ "ਛਾਇਆ" (ਜਾਂ "ਨਿਵਾਸ"; KJV), ਅੰਗ੍ਰੇਜ਼ੀ ਸ਼ਬਦ *ਸ਼ਿਕਾਇਨਾਹ* ਦੇ ਪਿੱਛੇ ਹੈ, ਜੋ "ਯਹੋਵਾਹ ਦਾ ਪਰਤਾਪ ਠਹਿਰਿਆ" (ਵੇਖੋ 24:16; 25:8)। ਪਰਮੇਸ਼ੁਰ ਦੇ ਪਰਤਾਪ ਇੰਨਾ ਸਮਰੱਥੀ ਸੀ ਕਿ ਮੂਸਾ ਡੇਹਰੇ ਵਿਚ ਵੜ ਨਾ ਸਕਿਆ!

ਬਾਅਦ ਵਿਚ ਯਹੂਦੀ ਇਤਹਾਸ ਵਿਚ, ਜਾਜਕਾਂ ਅਤੇ ਲੋਕਾਂ ਦੇ ਪਾਪ ਦੇ ਕਾਰਣ ਪਰਮੇਸ਼ੁਰ ਦਾ ਪਰਤਾਪ ਡੇਹਰੇ ਤੋਂ ਉੱਠ ਗਿਆ ਸੀ (1 ਸਮੂਏਲ 4:21, 22)। ਸਾਖੀ ਦਾ ਸੰਦੂਕ ਅਤੇ ਪਰਾਸਚਿਤ ਦਾ ਸਰਪੋਸ਼ - ਲੋਕਾਂ ਦੇ ਨਾਲ ਪਰਮੇਸ਼ੁਰ ਦੇ ਮਿਲਣ ਦਾ ਸਥਾਨ ਸੀ (ਕੂਚ 25:22)

- ਫਲਿਸਤੀਆਂ ਦੇ ਦੁਆਰਾ ਲੁੱਟ ਲਿਆ ਗਿਆ। ਜਿਵੇਂ ਹੀ ਇਹ ਦੁਖ ਭਰਿਆ ਸਮਾਚਾਰ ਇਸਰਾਏਲੀਆਂ ਦੇ ਵਿਚਕਾਰ ਫੈਲਿਆ, ਏਲੀ ਮਰ ਗਿਆ ਅਤੇ ਉਸ ਦੀ ਨੂੰਹ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ। ਉਸ ਨੇ ਉਸ ਦਾ ਨਾਮ ਈਕਾਬੋਦ ਧਰਿਆ, ਜਿਸ ਦਾ ਅਰਥ ਹੈ "ਪਰਤਾਪ ਜਾਂਦਾ ਰਿਹਾ।" ਬਾਅਦ ਵਿਚ, ਜਦੋਂ ਸੁਲੇਮਾਨ ਨੇ ਉਸ ਹੈਕਲ ਨੂੰ ਜੋ ਉਸ ਨੇ ਬਣਾਈ ਸੀ ਸਮਰਪਿਤ ਕੀਤਾ, ਤਾਂ ਪਰਮੇਸ਼ੁਰ ਦਾ ਪਰਤਾਪ ਆਪਣੇ ਲੋਕਾਂ ਦੇ ਵਿਚਕਾਰ ਵਾਪਸ ਆ ਗਿਆ (1 ਰਾਜਿਆਂ 8:10, 11)। ਫਿਰ ਵੀ, ਇਸਰਾਏਲ ਦੇ ਵਿਦਰੋਹ ਨੇ ਇੱਕ ਵਾਰ ਫਿਰ ਪਰਮੇਸ਼ੁਰ ਦੇ ਪਰਤਾਪ ਨੂੰ ਦੂਰ ਕਰ ਦਿੱਤਾ (ਹਿਜ਼ਕੀਏਲ 8:4; 9:3; 10:4, 18; 11:23)।

ਸਮੇਂ ਦੇ ਪੂਰੇ ਹੋਣ ਦੇ ਨਾਲ, ਪਰਮੇਸ਼ੁਰ ਦਾ ਪਰਤਾਪ ਯਿਸੂ ਮਸੀਹ ਦੇ ਵਿਅਕਤੀ ਦੇ ਰੂਪ ਵਿਚ ਧਰਤੀ ਤੇ ਵਾਪਸ ਮੁੜ ਆਈ (ਯੂਹੰਨਾ 1:14; ਗਲਾਤੀਆਂ 4:4)। ਦਿਲਚਸਪ ਗੱਲ ਇਹ ਹੈ ਕਿ, ਸੇਪਟੁਆਜਿੰਟ ਉਸੇ ਹੀ ਯੂਨਾਨੀ ਸ਼ਬਦ (ἐπισκιάζω, *ਅਪੀਸਕੀਜ਼ੋ)* ਦਾ ਇਸਤੇਮਾਲ ਕੂਚ 40:35 ਵਿਚ "ਛਾਇਆ ਹੋਇਆ ਸੀ" ਦੇ ਲਈ ਕਰਦਾ ਹੈ ਜਿਵੇਂ ਲੂਕਾ 1:35 "ਛਾਇਆ ਕਰੇਗੀ" ਦੇ ਲਈ ਕਰਦਾ ਹੈ। ਸਵਰਗਦੂਤ ਨੇ ਮਰੀਅਮ ਨੂੰ ਕਿਹਾ, "ਅੱਤ ਮਹਾਨ ਦੀ ਕੁਦਰਤ ਤੇਰੇ ਉੱਤੇ *ਛਾਇਆ* ਕਰੇਗੀ; ਇਸ ਕਰਕੇ ਜਿਹੜਾ ਜੰਮੇਗਾ ਉਹ ਪਵਿੱਤ੍ਰ ਅਤੇ ਪਰਮੇਸ਼ੁਰ ਦਾ ਪੁੱਤਰ ਕਹਾਵੇਗਾ" (ਲੂਕਾ 1:35; ਜ਼ੋਰ ਦਿੱਤਾ ਗਿਆ ਹੈ)। ਮਰੀਅਮ ਦੀ ਕੁਆਰੀ ਕੁੱਖ ਦੀ ਤੁਲਨਾ ਡੇਹਰੇ ਦੇ ਅੱਤ ਪਵਿੱਤਰ ਅਸਥਾਨ ਦੇ ਨਾਲ ਕੀਤੀ ਜਾ ਸਕਦੀ ਹੈ; ਇਹ ਉਹ ਸਥਾਨ ਸੀ ਜਿੱਥੇ ਪਰਮੇਸ਼ੁਰ ਦਾ ਪਰਤਾਪ ਉਸ ਦੇ ਪੁੱਤਰ ਦੇ ਵਿਅਕਤੀ ਨਾਲ ਵਾਸ ਕਰਦਾ ਸੀ। ਇੱਕ ਵਾਰ ਫਿਰ, ਪਰਮੇਸ਼ੁਰ ਦੇ ਕਈ ਲੋਕਾਂ ਨੇ ਉਸ ਦੀ ਮਹਿਮਾ ਦਾ ਇਨਕਾਰ ਕਰ ਦਿੱਤਾ ਅਤੇ ਆਖਿਰਕਾਰ ਯਿਸੂ ਨੂੰ ਸਲੀਬ ਦੇ ਉੱਤੇ ਕਿੱਲਾਂ ਨਾਲ ਜੜ ਦਿੱਤਾ!

ਅੱਜ ਪਰਮੇਸ਼ੁਰ ਦੀ ਮਹਿਮਾ ਹਰ ਸੱਚੇ ਵਿਸ਼ਵਾਸੀ ਦੇ ਵਿਚ ਵਾਸ ਕਰਦੀ ਹੈ, ਹਰ ਮਸੀਹੀ "ਪਵਿੱਤਰ ਆਤਮਾ ਦੀ ਹੈਕਲ ਹੈ" (1 ਕੁਰਿੰਥੀਆਂ 6:19, 20)। ਇਸ ਤੋਂ ਇਲਾਵਾ, ਹਰੇਕ ਸਥਾਨਕ ਕਲੀਸੀਆ "ਪਰਮੇਸ਼ੁਰ ਦੀ ਹੈਕਲ" ਹੈ ਜਿਸ ਵਿਚ "ਪਰਮੇਸ਼ੁਰ ਦਾ ਆਤਮਾ ਵਾਸ ਕਰਦਾ ਹੈ" (1 ਕੁਰਿੰਥੀਆਂ 3:10-23)। ਇਸ ਤੋਂ ਇਲਾਵਾ, ਸਰਵਵਿਆਪਕ ਕਲੀਸੀਆ ਵੀ "ਪ੍ਰਭੂ ਦੀ ਇੱਕ ਪਵਿੱਤਰ ਹੈਕਲ" ਹੈ (ਅਫ਼ਸੀਆਂ 2:20-22)। ਇੱਕ ਦਿਨ ਸਵਰਗ ਵਿਚ ਉਨ੍ਹਾਂ ਲੋਕਾਂ ਦੇ ਦੁਆਰਾ ਜੋ ਮਸੀਹ ਦੇ ਵਫ਼ਾਦਾਰ ਹਨ ਪਰਮੇਸ਼ੁਰ ਦੀ ਮਹਿਮਾ ਹੋਰ ਵੀ ਪੂਰੀ ਤਰ੍ਹਾਂ ਦੇ ਨਾਲ ਸਮਝੀ ਜਾਵੇਗੀ: "ਵੇਖ, ਪਰਮੇਸ਼ੁਰ ਦਾ ਡੇਰਾ ਮਨੁੱਖਾਂ ਦੇ ਨਾਲ ਹੈ ਤੇ ਉਹ ਓਹਨਾਂ ਨਾਲ ਡੇਰਾ ਕਰੇਗਾ ਅਤੇ ਓਹ ਉਸ ਦੀ ਪਰਜਾ ਹੋਣਗੇ ਅਤੇ ਪਰਮੇਸ਼ੁਰ ਆਪ ਓਹਨਾਂ ਦਾ ਪਰਮੇਸ਼ੁਰ ਹੋ ਕੇ ਓਹਨਾਂ ਦੇ ਨਾਲ ਰਹੇਗਾ" (ਪਰਕਾਸ਼ ਦੀ ਪੋਥੀ 21:3)।[9]

ਟਿੱਪਣੀਆਂ

[1]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 496. [2]ਇਹ ਤੱਥ ਸਮਝਾਵੇਗਾ ਹੈ ਕਿ ਨੇਮ ਦੇ ਸੰਦੂਕ ਦੇ ਨਿਰਮਾਣ ਕੀਤੇ ਜਾਣ ਦੇ ਵੇਲੇ ਉਹ ਲੋਕ ਜਿਨ੍ਹਾਂ ਨੇ ਇਸ ਦਾ ਨਿਰਮਾਣ ਕੀਤਾ ਹਾਨੀਰਹਿਤ ਕਿਉਂ ਰਹੇ, ਜਦਕਿ ਬਾਅਦ ਵਿਚ ਜਿਨ੍ਹਾਂ ਨੇ ਸੰਦੂਕ ਦੇ ਵਿਚ ਝਾਕਿਆ ਉਨ੍ਹਾਂ ਨੂੰ ਪ੍ਰਭੂ ਦੇ ਰਾਹੀਂ ਮਾਰ ਦਿੱਤਾ ਗਿਆ ਸੀ (1 ਸਮੂਏਲ 6:19)। [3]ਅੰਬਰਟੋ ਕੈਸੂਟੋ, *ਏ ਕਮੈਂਟਰੀ ਔੱਨ ਦ ਬੁੱਕ ਆਫ਼ ਐਕਸੋਡਸ*, ਇਸਰਾਈਲ ਅਬਰਾਹਾਮ ਦਾ ਅਨੁਵਾਦ (ਯਰੂਸ਼ਲਮ: ਦ ਮੈਗਨੇਸ ਪ੍ਰੈੱਸ, 1997), 483. [4]ਆਰ. ਐਲਨ ਕੋਲ, *ਐਕਸੋਡਸ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀਜ਼* (ਡੋਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973) 238. [5]ਕੈਸੂਟੋ, 482. ਉਸ ਨੇ ਅੱਗੇ ਕਿਹਾ ਕਿ ਧੂਪ ਧੁਖਾਉਣ ਅਤੇ ਬਲੀਦਾਨ ਚੜ੍ਹਾਉਣ ਦੇ ਵਿਸ਼ੇ ਵਿਚ ਵੀ ਇਹ ਗੱਲ ਸੱਚ ਸੀ। (ਉਸੇ ਸਥਾਨ ਤੇ, 482-83.) [6]ਕੈਸੂਟੋ, 484. [7]ਜੌਨ ਆਈ.

ਡਰਹਮ, *ਐਕਸੋਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਤ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 501. [8]ਕੋਲ, 239. [9]ਵਾਰਨ ਡਬਲਿਯੂ, ਵਾਈਸਬੇ ਤੋਂ ਬਦਲਿਆ ਗਿਆ, *ਬੀ ਡਲਿਵਰਡ* (ਕੋਲੋਰਾਡੋ ਸਪਰਿੰਗਸ, ਕੋਲੋਰਾਡੋ: ਵਿਕਟਰ, 1998), 175.